Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI/PUNPUN00806 • Issue Dated 23-08-2025 • Vol.43 No.34 • M. 90410-14575 • Page 16 | E-mail : khetiduniyan1983@gmail.com

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

## ਟੁੱਟੇ ਚੌਲ ਦੇਸ਼ ਵਿੱਚ ਵਧਾਉਣਗੇ ਈਥਾਨੌਲ ਉਤਪਾਦਨ, ਕੱਚੇ ਮਾਲ ਦੀ ਸਪਲਾਈ ਵੀ ਹੋਵੇਗੀ ਤੇਜ਼

ਕੇਂਦਰ ਸਰਕਾਰ ਨੇ ਪੰਜ ਸਾਲ ਪਹਿਲਾਂ ਭਾਰਤ ਵਿੱਚ ਪੈਟਰੋਲ ਵਿਚ 20 ਫ਼ੀਸਦੀ ਈਥਾਨੌਲ ਮਿਸ਼ਰਣ (5-20) ਦੇ ਟੀਚੇ ਨੂੰ ਪ੍ਰਾਪਤ ਕਰਨ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਹੁਣ, ਇਸ ਲਈ ਨਵੇਂ ਖਰੀਦ ਮਾਪਦੰਡ ਲਾਗੂ ਕੀਤੇ ਜਾ ਰਹੇ ਹਨ, ਜੋ ਟੁੱਟੇ ਚੌਲਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਗੇ, ਜਿਸ ਨਾਲ ਈਥਾਨੌਲ ਉਤਪਾਦਨ ਲਈ ਕੱਚੇ ਮਾਲ ਦੀ ਉਪਲਬਧਤਾ ਵਿੱਚ ਕਾਫ਼ੀ ਵਾਧਾ ਹੋਵੇਗਾ। ਇਹ 2030 ਤੱਕ ਪ੍ਰਾਪਤ ਕਰਨ ਦੇ ਟੀਚੇ ਨੂੰ 2025 ਤੱਕ ਪ੍ਰਾਪਤ ਕਰਨ ਲਈ ਕੇਂਦਰ ਸਰਕਾਰ ਦਾ ਇੱਕ ਵੱਡਾ ਕਦਮ ਹੈ। ਖੁਰਾਕ ਤੇ ਜਨਤਕ ਵੰਡ ਵਿਭਾਗ ਦੇ ਅਨੁਸਾਰ ਜਦੋਂ ਫੂਡ ਕਾਰਪੋਰੇਸ਼ਨ ਆਫ਼ ਇੰਡੀਆ (639) ਦੇ ਗੁਦਾਮਾਂ ਤੋਂ ਮਿੱਲਾਂ ਨੂੰ ਭੇਜੇ ਗਏ ਝੋਨੇ ਨੂੰ ਚੌਲਾਂ ਦੇ ਰੂਪ ਵਿੱਚ ਤਿਆਰ ਕੀਤਾ ਜਾਂਦਾ ਹੈ ਤਾਂ ਇਸ ਵਿੱਚ ਔਸਤਨ 20-25 ਫ਼ੀਸਦੀ ਟੁੱਟੇ ਚੌਲ ਹੁੰਦੇ ਹਨ। ਪਹਿਲਾਂ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਇਸਨੂੰ 25 ਫ਼ੀਸਦੀ ਤੱਕ ਸਵੀਕਾਰ ਕਰਦਾ ਸੀ, ਪਰ ਹੁਣ ਨਵੇਂ ਮਾਪਦੰਡਾਂ ਅਨੁਸਾਰ, ਸਿਰਫ਼ 10 ਫ਼ੀਸਦੀ ਟੁੱਟੇ ਚੌਲ ਹੀ ਸਵੀਕਾਰ ਕੀਤੇ ਜਾਣਗੇ। ਇਸ ਬਦਲਾਅ ਨਾਲ ਮਿੱਲਾਂ ਕੋਲ ਲਗਭਗ 15 ਫ਼ੀਸਦੀ ਵਾਧੂ ਟੁੱਟੇ ਹੋਏ ਚੌਲ ਰਹਿਣਗੇ, ਜਿਸਦੀ ਉਹ ਸਿੱਧੇ ਤੌਰ 'ਤੇ ਈਥਾਨੌਲ ਪਲਾਂਟਾਂ ਨੂੰ ਨਿਲਾਮੀ ਕਰ ਸਕਣਗੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨੀਤੀ ਦੇ ਦੋਹਰੇ ਫਾਇਦੇ ਹੋਣਗੇ। ਇੱਕ ਪਾਸੇ ਈਥਾਨੌਲ ਉਦਯੋਗ ਨੂੰ ਟਿਕਾਊ ਤੇ ਘੱਟ ਕੀਮਤ ਵਾਲਾ ਕੱਚਾ ਮਾਲ ਮਿਲੇਗਾ, ਜਦੋਂਕਿ ਭਾਰਤੀ ਖੁਰਾਕ ਨਿਗਮ ਦੇ ਸਟੋਰੇਜ ਤੇ ਆਵਾਜਾਈ ਦੇ ਖਰਚੇ ਘੱਟ ਜਾਣਗੇ। ਵਰਤਮਾਨ ਵਿੱਚ ਪੰਜਾਬ, ਹਰਿਆਣਾ, ਛੱਤੀਸਗੜ੍ਹ, ਓਡੀਸਾ ਤੇ ਆਂਧਰਾ ਪ੍ਰਦੇਸ਼ ਵਰਗੇ ਰਾਜਾਂ 'ਚ ਟੁੱਟੇ ਹੋਏ ਚੌਲਾਂ ਤੋਂ ਪਹਿਲਾਂ ਹੀ ਈਥਾਨੌਲ ਪੈਦਾ ਕੀਤਾ ਜਾ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਹ ਪਹਿਲ ਸਫਲ ਹੁੰਦੀ ਹੈ ਤਾਂ ਆਉਣ ਵਾਲੇ ਸਾਲਾਂ ਵਿੱਚ ਭਾਰਤ ਈਥਾਨੌਲ ਉਤਪਾਦਨ ਵਿੱਚ ਸਵੈ-ਨਿਰਭਰ ਬਣ ਸਕਦਾ ਹੈ।

# ਝੋਨੇ ਦੇ ਤਣੇ ਦੁਆਲੇ ਪੱਤੇ ਦੇ ਝੁਲਸ ਰੋਗ ਅਤੇ ਝੂਠੀ ਕਾਂਗਿਆਰੀ ਦੀ ਰੋਕਥਾਮ ਪੀ.ਏ.ਯੂ. ਦੀਆਂ ਸਿਫਾਰਸ਼ਾਂ ਅਨੁਸਾਰ ਕਰੋ

### ਤਣੇ ਦੁਆਲੇ ਪੱਤੇ ਦੇ ਝੁਲਸ ਰੋਗ

ਇਸ ਬਿਮਾਰੀ ਦਾ ਹਮਲਾ ਆਮ ਤੌਰ ਤੇ ਗੋਭ ਦੇ ਸਮੇਂ ਹੁੰਦਾ ਹੈ ਅਤੇ ਚੱਲ ਰਿਹਾ ਮੌਸਮ ਇਸ ਬਿਮਾਰੀ ਲਈ ਢੁੱਕਵਾਂ ਹੈ।

**ਬਿਮਾਰੀ ਦੀ ਪਹਿਚਾਣ** : ਇਸ ਬਿਮਾਰੀ ਨਾਲ ਪੱਤਿਆਂ ਉੱਪਰ ਸਲੇਟੀ ਰੰਗ ਦੇ ਚੱਟਾਖ, ਜਿਨ੍ਹਾਂ ਦੇ ਸਿਰੇ ਜਾਮਣੀ ਹੁੰਦੇ ਹਨ, ਪਾਣੀ ਦੀ ਸਤਹਿ ਤੋਂ ਉੱਪਰ ਪੈ ਜਾਂਦੇ ਹਨ। ਇਹ ਚੱਟਾਖ ਉੱਪਰ ਵੱਲ ਨੂੰ ਵੱਧਦੇ ਜਾਂਦੇ ਹਨ ਅਤੇ ਬਾਅਦ ਵਿੱਚ ਇੱਕ ਦੂਜੇ ਨਾਲ ਮਿਲ ਕੇ ਕਾਫ਼ੀ ਵੱਡੇ ਹੋ ਜਾਂਦੇ ਹਨ। ਇਸ ਬਿਮਾਰੀ ਨਾਲ ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਗੰਭੀਰ ਹਾਲਤਾਂ ਵਿੱਚ ਮੁੰਜਰਾਂ ਵਿੱਚ ਪੂਰੇ ਦਾਣੇ ਨਹੀਂ ਬਣਦੇ ਅਤੇ ਝਾੜ ਘੱਟ ਜਾਂਦਾ ਹੈ।

**ਰੋਕਥਾਮ** : ਬਿਮਾਰੀ ਦੀ ਉੱਲੀ ਵੱਟਾਂ, ਬੰਨਿਆਂ ਤੇ ਉੱਗੇ ਨਦੀਨਾਂ ਜਿਵੇਂ ਕਿ ਖੱਬਲ ਘਾਹ ਤੇ ਪੱਲਦੀ ਰਹਿੰਦੀ ਹੈ। ਬਿਮਾਰੀ ਦੀ ਲਾਗ ਨੂੰ ਘਟਾਉਣ ਲਈ ਵੱਟਾਂ, ਬੰਨੇ ਸਾਫ ਰੱਖੋ। ਨਾਈਟ੍ਰੋਜਨ ਖਾਦਾਂ ਦੀ ਵਰਤੋਂ ਪੱਤਾ ਰੰਗ ਚਾਰਟ ਅਨੁਸਾਰ ਕਰੋ।

ਬੂਟੇ ਦੇ ਜਾੜ ਮਾਰਨ ਸਮੇਂ ਜਿਉਂ ਹੀ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਫ਼ਸਲ ਤੇ 600 ਗ੍ਰਾਮ ਅਵਾਂਸਰ ਗਲੋ 75 ਡਬਲਯੂ ਜੀ ਜਾਂ 150 ਮਿ.ਲਿ. ਇਗਲੇਅਰ/ਪਲਸਰ 24 ਐਸ ਸੀ ਜਾਂ 200 ਮਿ. ਲਿ. ਐਮੀਸਟਾਰ ਟੋਪ 325 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟਿਆਂ ਦੇ ਮੁੱਢਾਂ ਵੱਲ ਰੱਖ ਕੇ ਛਿੜਕਾਅ ਕਰੋ। ਲੋੜ ਪੈਣ ਤੇ ਦੂਜਾ ਛਿੜਕਾਅ 15 ਦਿਨ ਦੇ ਵਕਫੇ ਤੇ ਕਰੋ।

### ਝੂਠੀ ਕਾਂਗਿਆਰੀ



ਕਿਸਾਨ ਆਮ ਤੌਰ ਤੇ ਇਸ ਬਿਮਾਰੀ ਨੂੰ ਹਲਦੀ ਰੋਗ ਦੇ ਨਾਂ ਨਾਲ ਜਾਣਦੇ ਹਨ ਕਿਉਕਿ ਇਸ ਨਾਲ ਮੁੰਜ਼ਰਾਂ ਵਿੱਚ ਦਾਣੇ ਬਣਨ ਸਮੇਂ ਕੁਝ ਦਾਣਿਆਂ ਦੀ ਥਾਂ ਤੇ ਪੀਲੇ ਰੰਗ ਦੀਆਂ ਗੋਲੀਆਂ ਬਣ ਜਾਂਦੀਆਂ ਹਨ। ਇਸ ਬਿਮਾਰੀ ਦਾ ਹਮਲਾ ਬੂਟਿਆਂ ਵਿੱਚ ਗੋਭ ਬਣਨ ਦੇ ਸਮੇਂ ਤੋਂ ਫੁਲ ਪੈਣ ਦੇ ਸਮੇਂ ਵਿਚਕਾਰ ਹੁੰਦਾ ਹੈ। ਫੁੱਲ ਪੈਣ ਸਮੇਂ ਹਵਾ ਵਿੱਚ ਵਧੇਰੇ ਨਮੀਂ ਦੀ ਮਾਤਰਾ, ਬੱਦਲਵਾਈ ਅਤੇ ਹਲਕੀ ਬਾਰਿਸ਼, ਇਸ ਬਿਮਾਰੀ ਲਈ ਬਹੁਤ ਅਨੁਕੂਲ ਹਾਲਾਤ ਹਨ।

**ਬਿਮਾਰੀ ਦੀ ਪਹਿਚਾਣ** : ਇਸ ਦੀਆਂ ਨਿਸ਼ਾਨੀਆਂ ਫ਼ਸਲ ਦੇ ਨਿਸਰਣ ਸਮੇਂ ਹੀ ਨਜ਼ਰ ਆਉਂਦੀਆਂ ਹਨ। ਦਾਣਿਆਂ ਦੀ ਥਾਂ ਤੇ ਧੂੜੇਦਾਰ ਉੱਲੀ ਦੇ ਗੋਲੇ ਜਿਹੇ ਬਣ ਜਾਂਦੇ ਹਨ, ਜਿਨ੍ਹਾਂ ਦਾ ਰੰਗ ਪਹਿਲਾਂ ਹਲਕਾ ਪੀਲਾ ਹੁੰਦਾ ਹੈ ਅਤੇ ਬਾਅਦ ਵਿੱਚ ਸੰਤਰੀ ਅਤੇ ਅਖੀਰ ਵਿੱਚ ਗੂੜ੍ਹਾ ਹਰਾ ਜਾਂ ਕਾਲਾ ਹੋ ਜਾਂਦਾ ਹੈ। ਝੂਠੀ ਕਾਂਗਿਆਰੀ ਕਰਕੇ ਦਾਣਿਆਂ ਦਾ ਭਾਰ ਅਤੇ ਪੁੰਗਰਨ ਦੀ ਸ਼ਕਤੀ ਘੱਟਦੀ ਹੈ। ਰੂੜੀ ਅਤੇ ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਬਹੁਤੀ ਵਰਤੋਂ ਕਰਕੇ ਵੀ ਇਸ ਬਿਮਾਰੀ ਦਾ ਵਾਧਾ ਹੁੰਦਾ ਹੈ।

**ਰੋਕਥਾਮ** : ਜਿਨ੍ਹਾਂ ਕਿਸਾਨਾਂ ਦੀ ਫ਼ਸਲ ਇਸ ਸਮੇਂ ਗੋਭ ਵਿੱਚ ਆ ਰਹੀ ਹੈ, ਉਨ੍ਹਾਂ ਨੂੰ 500 ਗ੍ਰਾਮ ਕੋਸਾਈਡ 46 ਡੀ ਐਫ਼ (ਕਾਪਰ ਹਾਈਡਰੋਆਕਸਾਈਡ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰ ਲੈਣਾ ਚਾਹੀਦਾ ਹੈ। ਆਮ ਤੌਰ ਤੇ ਕਿਸਾਨ ਉੱਲੀਨਾਸ਼ਕਾਂ ਦਾ ਛਿੜਕਾਅ ਬਿਮਾਰੀ ਖੇਤਾਂ ਵਿੱਚ ਨਜ਼ਰ ਆਉਣ ਸਮੇਂ ਕਰਦੇ ਹਨ ਜੋ ਇਸ ਨੂੰ ਰੋਕਣ ਵਿੱਚ ਸਹਾਈ ਨਹੀਂ ਹੁੰਦੇ।

**ਹਰਪ੍ਰੀਤ ਸਿੰਘ ਅਤੇ ਜਗਜੀਤ ਸਿੰਘ ਲੋਰੇ,**
**ਪਲਾਂਟ ਬਰੀਡਿੰਗ ਅਤੇ ਜੈਨੇਟਿਕ ਵਿਭਾਗ**
(ਮੋਬਾਇਲ 96469-52406)

ਪੀ.ਏ.ਯੂ. ਵੱਲੋਂ ਸਤੰਬਰ ਮਹੀਨੇ ਵਿੱਚ ਲੱਗਣ ਵਾਲੇ
ਕਿਸਾਨ ਮੇਲੇ
10 ਸਤੰਬਰ ਨਾਗਕਲਾਂ ਜਹਾਂਗੀਰ (ਅੰਮ੍ਰਿਤਸਰ)
12 ਸਤੰਬਰ ਬੱਲੋਵਾਲ ਸੌਂਖੜੀ (ਐਸ.ਬੀ.ਐਸ. ਨਗਰ)
16 ਸਤੰਬਰ ਰੌਣੀ (ਪਟਿਆਲਾ)
18 ਸਤੰਬਰ ਫਰੀਦਕੋਟ
24 ਸਤੰਬਰ ਗੁਰਦਾਸਪੁਰ
30 ਸਤੰਬਰ ਬਠਿੰਡਾ
26-27 ਸਤੰਬਰ, 2025
ਪੀ.ਏ.ਯੂ. ਕੈਂਪਸ, ਲੁਧਿਆਣਾ

BEW
KSA
ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ • ਪਾਉਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ • ਪੇਟੈਂਟ ਡਿਜਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਝੋਨੇ ਦੇ ਮਧਰੇਪਣ ਦੀ ਬਿਮਾਰੀ ਤੋਂ ਬਚਾਅ



**ਰੋਗ ਨੂੰ ਫੈਲਾਉਣ ਵਾਲੇ ਚਿੱਟੀ ਪਿੱਠ ਵਾਲੇ ਟਿੱਡੇ ਤੋਂ ਬਚਾਅ ਲਈ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਮੇਂ ਸਿਰ ਇਸ ਕੀੜੇ ਦੀ ਰੋਕਥਾਮ ਕੀਤੀ ਜਾ ਸਕੇ...**

ਡਾ. ਅਮਰੀਕ ਸਿੰਘ

ਪਿਛਲੇ ਸਾਲਾਂ ਤੋਂ ਮੌਸਮ ਵਿੱਚ ਆ ਰਹੀਆਂ ਤਬਦੀਲੀਆਂ ਦਾ ਅਸਰ ਪੰਜਾਬ ਵਿੱਚ ਵੀ ਦੇਖਿਆ ਜਾ ਰਿਹਾ ਹੈ। ਮੌਸਮੀ ਤਬਦੀਲੀਆਂ ਕਾਰਨ ਤਾਪਮਾਨ, ਅਨਿਸ਼ਚਿਤ ਬਰਸਾਤ ਵਿੱਚ ਵੱਡੀ ਪੱਧਰ 'ਤੇ ਤਬਦੀਲੀ ਦੇਖੀ ਜਾ ਰਹੀ ਹੈ। ਇਹ ਤਬਦੀਲੀ ਕਣਕ ਦੇ ਝੋਨੇ ਦੇ ਫ਼ਸਲੀ ਚੱਕਰ ਨੂੰ ਪ੍ਰਭਾਵਿਤ ਕਰਕੇ ਪੈਦਾਵਾਰ 'ਤੇ ਵੀ ਅਸਰ ਪਾ ਰਹੀ ਹੈ। ਮੌਸਮੀ ਤਬਦੀਲੀਆਂ ਕਾਰਨ ਫ਼ਸਲਾਂ ਉੱਪਰ ਲੱਗਣ ਵਾਲੇ ਕੀੜੇ ਅਤੇ ਬਿਮਾਰੀਆਂ ਵਿੱਚ ਕਾਫ਼ੀ ਬਦਲਾਅ ਨੂੰ ਦੇਖਣ ਨੂੰ ਮਿਲਿਆ ਹੈ। ਸਾਉਣੀ 2022 ਦੌਰਾਨ ਝੋਨੇ ਦੀ ਫ਼ਸਲ ਨੂੰ ਨੀਮ ਪਹਾੜੀ ਜ਼ਿਲ੍ਹਿਆਂ ਵਿੱਚ ਝੋਨੇ ਦੇ ਮਧਰੇਪਣ ਦੀ ਬਿਮਾਰੀ ਨੇ ਝੋਨੇ ਦੀ ਪੈਦਾਵਾਰ ਨੂੰ ਪ੍ਰਭਾਵਿਤ ਕਰਕੇ ਕਿਸਾਨਾਂ ਨੂੰ ਵੱਡੀ ਪੱਧਰ 'ਤੇ ਨੁਕਸਾਨ ਉਠਾਉਣਾ ਪਿਆ। ਇਕੱਲੇ ਜ਼ਿਲ੍ਹਾ ਪਠਾਨਕੋਟ ਵਿੱਚ ਤਕਰੀਬਨ 3700



ਹੈਕਟੇਅਰ ਰਕਬਾ ਇਸ ਬਿਮਾਰੀ ਨਾਲ ਪ੍ਰਭਾਵਿਤ ਹੋਇਆ ਜਿਸ ਨਾਲ 10-15% ਪੈਦਾਵਾਰ ਘੱਟ ਹੋਈ ਸੀ। ਇਹ ਬਿਮਾਰੀ ਪੰਜਾਬ ਵਿੱਚ ਪਹਿਲੀ ਵਾਰ ਦੇਖੀ ਗਈ। 10 ਜੁਲਾਈ ਤੱਕ ਝੋਨੇ ਦੀ ਫ਼ਸਲ ਬਹੁਤ ਵਧੀਆ ਸੀ ਤੇ ਇਸ ਤੋਂ ਬਾਅਦ ਕਿਸਾਨਾਂ ਤੋਂ ਸੂਚਨਾ ਮਿਲਣੀ ਸ਼ੁਰੂ ਹੋ ਗਈ ਕਿ ਝੋਨੇ ਦੀ ਫ਼ਸਲ ਵਿੱਚ ਕੁਝ ਬੂਟੇ ਮੱਧਰੇ ਰਹਿ ਰਹੇ ਹਨ।

### ਵਿਸ਼ਾਣੂ ਰੋਗ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਇੰਸਦਾਨਾਂ ਵੱਲੋਂ ਪ੍ਰਭਾਵਿਤ ਜ਼ਿਲ੍ਹਿਆਂ ਤੋਂ ਇਕੱਤਰ ਕੀਤੇ ਗਏ ਨਮੂਨਿਆਂ ਦੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਬਿਮਾਰੀ ਦਾ ਕਾਰਨ ਦੱਖਣੀ ਝੋਨਾ ਕਾਲੀ ਧਾਰੀਦਾਰ ਮਧਰਾ ਵਿਸ਼ਾਣੂ ਹੈ, ਜਿਸ ਨੇ ਝੋਨੇ ਦੀ ਫ਼ਸਲ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤ ਵਿੱਚ ਝੋਨੇ ਦੇ ਮਧਰੇਪਣ ਦਾ ਰੋਗ ਪਹਿਲੀ ਵਾਰ ਸਾਲ 2022 ਦੌਰਾਨ ਦੇਖਿਆ ਗਿਆ। ਇਹ ਵਿਸ਼ਾਣੂ ਰੋਗ ਵਿਸ਼ਵ ਪੱਧਰ 'ਤੇ ਪਹਿਲੀ ਵਾਰ ਚੀਨ ਦੇਸ਼ ਦੇ ਯਾਂਗਕਸੀ ਕਾਊਂਟੀ ਗੁਆਂਗਡੋਂਗ ਰਾਜ ਵਿੱਚ ਸਾਲ 2001 ਵਿੱਚ ਦੇਖਿਆ ਗਿਆ ਜੋ ਦੱਖਣੀ ਚੀਨ ਵਿੱਚ 2002 ਤੋਂ 2008 ਤੱਕ ਸੀਮਤ ਰਿਹਾ, ਇਸੇ ਕਾਰਨ ਹੀ ਇਸ ਵਿਸ਼ਾਣੂ ਰੋਗ ਨੂੰ ਸਦਰਨ ਰਾਈਸ ਬਲੈਕ ਸਟਰੀਕਡ ਡਵਾਰਫ਼ ਵਾਇਰਸ ਰੋਗ ਦਾ ਨਾਮ ਵੀ ਇਸੇ ਕਾਰਨ ਵੀ ਦਿੱਤਾ ਗਿਆ ਹੈ।

## ਕਿਵੇਂ ਕਰੀਏ ਰੋਕਥਾਮ

### ਕਿਸਮਾਂ ਦੀ ਚੋਣ

ਜਿਨ੍ਹਾਂ ਇਲਾਕਿਆਂ ਵਿੱਚ ਪਿੱਛਲੇ ਸਾਲ ਝੋਨੇ ਦੀ ਫ਼ਸਲ ਨੂੰ ਇਸ ਰੋਗ ਨੇ ਵਧੇਰੇ ਨੁਕਸਾਨ ਕੀਤਾ ਸੀ, ਉਨ੍ਹਾਂ ਇਲਾਕਿਆਂ ਵਿੱਚ ਕਿਸਮਾਂ ਦੀ ਚੋਣ ਕਰਨ ਲੱਗਿਆਂ ਵਧੇਰੇ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ। ਇਸ ਰੋਗ ਨੇ ਤਕਰੀਬਨ ਹਰੇਕ ਝੋਨੇ ਦੀ ਹਰੇਕ ਕਿਸਮ ਦਾ ਨੁਕਸਾਨ ਕੀਤਾ ਸੀ ਪਰ ਪੀ ਆਰ 126, ਪੀ ਆਰ 128 ਅਤੇ ਐਚ ਕੇ ਆਰ 47 ਕਿਸਮਾਂ ਉੱਪਰ ਇਸ ਰੋਗ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ। ਇਸ ਲਈ ਨੀਮ ਪਹਾੜੀ ਇਲਾਕਿਆਂ ਵਾਲੇ ਜ਼ਿਲ੍ਹਿਆਂ ਜਿਵੇਂ ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਰੋਪੜ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਇਨ੍ਹਾਂ ਤਿੰਨ ਕਿਸਮਾਂ ਦੀ ਕਾਸ਼ਤ ਨੂੰ ਤਰਜੀਹ ਦੇਣੀ ਚਾਹੀਦੀ ਹੈ।

### ਸਿੱਧੀ ਬਿਜਾਈ

ਸਾਇੰਸਦਾਨਾਂ ਵੱਲੋਂ ਇਹ ਵੀ ਦੇਖਿਆ ਗਿਆ ਕਿ ਸਿੱਧੀ ਬਿਜਾਈ ਤਕਨੀਕ ਨਾਲ ਕਾਸ਼ਤ ਕੀਤੀ ਝੋਨੇ ਦੀ ਫ਼ਸਲ ਉੱਪਰ ਇਸ ਬਿਮਾਰੀ ਦਾ ਕੋਈ ਅਸਰ ਨਹੀਂ ਸੀ। ਇਸ ਲਈ ਜਿਥੇ ਸੰਭਵ ਹੋ ਸਕੇ ਵਾਤਾਵਰਨ ਪੱਖੀ ਝੋਨੇ ਦੀ ਕਾਸ਼ਤ ਲਈ ਸਿੱਧੀ ਬਿਜਾਈ ਨੂੰ ਤਰਜੀਹ ਦਿਉ।

### ਨਦੀਨਾਂ ਦੀ ਰੋਕਥਾਮ

ਹਿਸਾਰ ਖੇਤੀਬਾੜੀ ਯੂਨੀਵਰਸਿਟੀ ਹਰਿਆਣਾ ਵੱਲੋਂ ਕੀਤੇ ਅਧਿਐਨ ਅਨੁਸਾਰ ਇਹ ਪਾਇਆ ਗਿਆ ਹੈ ਕਿ ਦੱਖਣੀ ਝੋਨਾ ਕਾਲੀ ਧਾਰੀਦਾਰ ਮਧਰਾ (ਵਿਸ਼ਾਣੂ ਸਦਰਨ ਰਾਈਸ ਬਲੈਕ ਸਟਰੀਕਡ ਡਵਾਰਫ਼ ਵਾਇਰਸ) ਦਾ ਬਦਲਵਾਂ ਮੇਜ਼ਬਾਨ ਖੇਤਾਂ ਵਿੱਚ ਮੌਜੂਦ ਨਦੀਨ ਹਨ। ਇਸ ਲਈ ਖੇਤਾਂ ਦੇ ਆਲੇ-ਦੁਆਲੇ ਵੱਟਾਂ ਅਤੇ ਖਾਲਾਂ ਨੂੰ ਨਦੀਨਾਂ ਤੋਂ ਮੁਕਤ ਰੱਖਣਾ ਚਾਹੀਦਾ ਹੈ।

### ਪੁੱਟ ਕੇ ਡੂੰਘਾ ਦਬਾ ਦਿਓ

ਜੇਕਰ ਝੋਨੇ ਦੀ ਫ਼ਸਲ ਵਾਲੇ ਖੇਤ ਵਿਚ ਕੋਈ ਬੂਟਾ ਇਸ ਵਿਸ਼ਾਣੂ ਰੋਗ ਕਾਰਨ ਮਧਰਾ ਰਹਿ ਜਾਂਦਾ ਹੈ ਤਾਂ ਪੁੱਟ ਕੇ ਡੂੰਘਾ ਦਬਾ ਦੇਣਾ ਚਾਹੀਦਾ। ਪਿਛਲੇ ਸਾਲ ਇਸ ਬਿਮਾਰੀ ਨਾਲ ਪ੍ਰਭਾਵਤ ਫ਼ਸਲ ਵਿੱਚ ਇਹ ਵੀ ਦੇਖਿਆ ਗਿਆ ਜਿਸ ਫ਼ਸਲ ਦੀ ਲਵਾਈ 10 ਜੂਨ ਤੋਂ 25 ਜੂਨ ਦੇ ਦਰਮਿਆਨ ਹੋਈ ਸੀ, ਉਸ ਫ਼ਸਲ ਉੱਪਰ ਵਿਸ਼ਾਣੂ ਰੋਗ ਦਾ ਹਮਲਾ ਵਧੇਰੇ ਸੀ ਜਦਕਿ 25 ਜੂਨ ਤੋਂ ਬਾਅਦ ਲਵਾਈ ਕੀਤੀ ਝੋਨੇ ਦੀ ਫ਼ਸਲ ਉਪਰ ਵਿਸ਼ਾਣੂ ਰੋਗ ਦਾ ਹਮਲਾ ਨਾਮਾਤਰ ਸੀ।

### ਕੀਟਨਾਸ਼ਕਾਂ ਦੀ ਵਰਤੋਂ

ਝੋਨੇ ਦੀ ਪਨੀਰੀ ਦੀ ਬਿਜਾਈ ਤੋਂ ਬਾਅਦ ਇਸ ਰੋਗ ਨੂੰ ਫੈਲਾਉਣ ਵਾਲੇ ਚਿੱਟੀ ਪਿੱਠ ਵਾਲੇ ਟਿੱਡੇ ਤੋਂ ਬਚਾਅ ਲਈ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਤਾਂ ਜੋ ਸਮੇਂ ਸਿਰ ਇਸ ਟਿੱਡੇ ਦੀ ਰੋਕਥਾਮ ਕੀਤੀ ਜਾ ਸਕੇ। ਇਹ ਕੀੜਾ ਰਾਤ ਸਮੇਂ ਰੋਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ। ਇਸ ਕੀੜੇ ਦੀ ਆਮਦ ਨੂੰ ਵੇਖਣ ਲਈ ਟਿਊਬਵੈਲ ਤੇ ਰੌਸ਼ਨੀ ਵਾਲਾ ਬਲਬ ਨੂੰ ਜਗਾ ਕੇ ਰੱਖਣਾ ਚਾਹੀਦਾ। ਇਹ ਟਿੱਡਾ ਆਮ ਕਰਕੇ ਝੋਨੇ ਦੇ ਬੂਟਿਆਂ ਦਾ ਮੁੱਢਾਂ ਨਾਲ ਚਿੰਬੜਿਆ ਹੁੰਦਾ ਹੈ। ਝੋਨੇ ਦੀ ਲਵਾਈ ਤੋਂ ਮਹੀਨਾ ਬਾਅਦ ਹਰ ਹਫ਼ਤੇ ਖੇਤ ਵਿੱਚ ਕੁਝ ਬੂਟਿਆਂ ਦੇ ਮੁੱਢਾਂ ਨੂੰ ਝਟਕਾ ਦੇ 2-3 ਵਾਰ ਝਾੜਨ 'ਤੇ ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਚਿੱਟੀ ਪਿੱਠ ਵਾਲੇ ਟਿੱਡੇ ਪਾਣੀ ਉੱਪਰ ਤੈਰਦੇ ਨਜ਼ਰ ਆਉਣ ਤਾਂ ਫ਼ਸਲ 'ਤੇ ਕੀਟਨਾਸ਼ਕ ਦੇ ਛਿੜਕਾਅ ਨੂੰ ਪਹਿਲ ਦੇਣੀ ਚਾਹੀਦੀ ਹੈ। ਜੇਕਰ ਟਿੱਡੇ ਦਾ ਹਮਲਾ ਦਿਖਾਈ ਦੇਵੇ ਤਾਂ ਸਿਫ਼ਾਰਿਸ਼ ਕੀਤੀਆਂ ਕੀਟਨਾਸ਼ਕਾਂ ਵਿੱਚੋਂ ਕਿਸੇ ਇੱਕ ਕੀਟਨਾਸ਼ਕ ਜਿਵੇਂ ਟਰਾਈਫਲੂ-ਮੀਜ਼ੋਪਾਇਰਮ ਜਾਂ 80 ਗ੍ਰਾਮ ਡਾਈਨੋਟੈਫੂਰਾਨ 20 ਐਸਜੀ ਜਾਂ 400 ਮਿਲੀ ਲੀਟਰ ਬੈਂਜ਼ਪਾਇਰੀਮੈਕਸਾਨ ਜਾਂ 120 ਗ੍ਰਾਮ ਪਾਈਮੈਟਰੋਜ਼ਿਨ 50-ਡਬਲਿਊ ਜੀ ਜਾਂ 300 ਮਿਲੀ ਲਿਟਰ ਫਲੂਪਾਇਰੀਮਿਨ ਜਾਂ 80 ਮਿਲੀ ਲੀਟਰ ਨਿੰਮ ਆਧਾਰਿਤ ਅਜ਼ੈਡੀਰੈਕਟਿਨ 5% ਜਾਂ 4 ਲਿਟਰ ਨਿੰਮ ਦੇ ਘੋਲ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਦੇ ਘੋਲ ਵਿੱਚ ਛਿੜਕਾਅ ਦੇਣਾ ਚਾਹੀਦਾ ਹੈ। ਪਿੱਠੂ ਵਾਲੇ ਪੰਪ ਨੂੰ ਗੋਲ ਨੋਜ਼ਲ ਲਗਾ ਕੇ ਬੂਟਿਆਂ ਦੇ ਮੁੱਢਾਂ ਵਾਲੇ ਪਾਸੇ ਛਿੜਕਾਅ ਕਰਨਾ ਚਾਹੀਦਾ ਹੈ।

### ਨਿੰਮ ਦਾ ਘੋਲ ਬਣਾਉਣ ਦਾ ਤਰੀਕਾ

ਕਿਸੇ ਖੁੱਲ੍ਹੇ ਮੂੰਹ ਵਾਲੇ ਬਰਤਨ ਵਿੱਚ 4 ਕਿਲੋ ਨਿੰਮ ਦੇ ਪੱਤੇ/ਟਾਹਣੀਆਂ/ ਨਮੋਲੀਆਂ ਪਾ ਕੇ ਅੱਧੇ ਘੰਟੇ ਲਈ ਉਬਾਲੋ। ਘੋਲ ਨੂੰ ਕੱਪੜ ਛਾਣ ਕਰਕੇ ਪੱਤੇ/ਟਹਿਣੀਆਂ ਵੱਖ ਕਰ ਲਉ। ਚਿੱਟੀ ਪਿੱਠ ਵਾਲੇ ਟਿੱਡੇ ਦੀ ਰੋਕਥਾਮ ਲਈ ਇਸ ਨਿੰਮ ਵਾਲੇ ਪਾਣੀ ਵਿੱਚੋਂ 4 ਲਿਟਰ ਘੋਲ ਨੂੰ 100 ਲਿਟਰ ਪਾਣੀ ਵਿੱਚ ਗੋਲ ਨੋਜ਼ਲ ਦੀ ਵਰਤੋਂ ਕਰਦਿਆਂ ਛਿੜਕਾਅ ਕਰਨਾ ਚਾਹੀਦਾ।

## ਬਿਮਾਰੀ ਦਾ ਫੈਲਾਅ



ਇਹ ਇਕ ਵਿਸ਼ਾਣੂ ਰੋਗ ਹੈ ਜੋ ਰੋਗ ਨਾਲ ਪ੍ਰਭਾਵਿਤ ਬੂਟਿਆਂ ਤੋਂ ਸਿਹਤਮੰਦ ਬੂਟਿਆਂ ਤੱਕ ਚਿੱਟੀ ਪਿੱਠ ਵਾਲੇ ਟਿੱਡਿਆਂ ਰਾਹੀਂ ਫੈਲਦਾ ਹੈ। ਚਿੱਟੀ ਪਿੱਠ ਵਾਲੇ ਟਿੱਡਿਆਂ ਦੇ ਬੱਚੇ ਅਤੇ ਜਵਾਨ ਟਿੱਡੇ ਦੋਵੇਂ ਹੀ ਇਸ ਰੋਗ ਦੇ ਫੈਲਾਅ ਦਾ ਕਾਰਨ ਬਣਦੇ ਹਨ। ਜਵਾਨ ਟਿੱਡਿਆਂ ਨਾਲੋਂ ਬੱਚੇ ਤੇਜ਼ੀ ਨਾਲ ਵਿਸ਼ਾਣੂ ਰੋਗ ਦਾ ਫੈਲਾਅ ਕਰਦੇ ਹਨ।

## ਰੋਗ ਦੀ ਨਿਸ਼ਾਨੀਆਂ

ਇਸ ਰੋਗ ਨਾਲ ਪ੍ਰਭਾਵਿਤ ਝੋਨੇ ਦੇ ਬੂਟਿਆਂ ਦਾ ਕੱਦ ਮਧਰਾ ਰਹਿ ਜਾਂਦਾ ਹੈ। ਸਿਹਤਮੰਦ ਬੂਟਿਆਂ ਨਾਲ ਪ੍ਰਭਾਵਿਤ ਬੂਟਿਆਂ ਦਾ ਕੱਦ ਇੱਕ ਤਿਹਾਈ ਤੋਂ ਵੀ ਘੱਟ ਹੋ ਜਾਂਦਾ ਹੈ। ਜੜ੍ਹਾਂ ਦਾ ਰੰਗ ਭੂਰਾ ਹੋ ਜਾਂਦਾ ਹੈ ਅਤੇ ਕਮਜ਼ੋਰ ਹੋ ਜਾਂਦੀਆਂ ਹਨ। ਪ੍ਰਭਾਵਿਤ ਬੂਟਾ ਘੱਟ ਜ਼ੋਰ ਲਗਾਇਆਂ ਪੁੱਟਿਆ ਜਾਂਦਾ ਹੈ। ਪ੍ਰਭਾਵਿਤ ਬੂਟਿਆਂ ਦੇ ਪੱਤੇ ਛੋਟੇ ਗੂੜ੍ਹੇ ਹਰੇ ਰੰਗ ਜਿਨ੍ਹਾਂ ਦਾ ਰੰਗ ਬਾਅਦ ਵਿੱਚ ਪੀਲਾ ਪੈ ਜਾਂਦਾ ਹੈ ਅਤੇ ਪੱਤੇ ਖੁਰਦਰੇ ਹੋ ਜਾਂਦੇ ਹਨ। ਜੇਕਰ ਬਿਮਾਰੀ ਵੱਡੀ ਉਮਰ ਦੇ ਬੂਟਿਆਂ ਉੱਪਰ ਆ ਜਾਵੇ ਤਾਂ ਛੋਟੀਆਂ ਮੁੰਜਰਾਂ ਪੈਦਾ ਹੁੰਦੀਆਂ ਹਨ ਜਿਸ ਵਿੱਚ ਹੌਲੇ, ਖ਼ਾਲੀ ਦਾਣੇ ਰਹਿ ਜਾਂਦੇ ਹਨ। ਇਸ ਤਰ੍ਹਾਂ ਪੈਦਾਵਾਰ ਬਹੁਤ ਘੱਟ ਜਾਂਦੀ ਹੈ। ਰੋਗ ਨਾਲ ਜ਼ਿਆਦਾ ਪ੍ਰਭਾਵਿਤ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ।



ਸਾਡੇ ਦੇਸ਼ ਦੀ ਆਰਥਿਕ ਅਤੇ ਮਾਲੀ ਹਾਲਤ ਖੇਤੀਬਾੜੀ ਤੇ ਨਿਰਭਰ ਕਰਦੀ ਹੈ ਅਤੇ ਦੇਸ਼ ਦੀ ਆਰਥਿਕ ਅਤੇ ਮਾਲੀ ਹਾਲਤ ਨੂੰ ਮਜ਼ਬੂਤ ਕਰਨ ਵਿੱਚ ਇਸ ਧੰਦੇ ਦਾ ਬਹੁਤ ਵੱਡਾ ਯੋਗਦਾਨ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਤਕਨੀਕਾਂ ਨੂੰ ਅਪਣਾ ਕੇ ਕਿਸਾਨਾਂ ਨੇ ਫ਼ਸਲਾਂ ਦੇ ਝਾੜ ਵਿੱਚ ਵਾਧਾ ਕਰਕੇ ਆਪਣੀ ਆਰਥਿਕ ਹਾਲਤ ਨੂੰ ਕਾਫੀ ਉੱਪਰ ਚੁੱਕਿਆ ਹੈ । ਇਸ ਲੇਖ ਵਿੱਚ ਸਾਉਣੀ ਰੁੱਤ ਦੌਰਾਨ ਝੋਨੇ ਦੀਆਂ ਮੁੱਖ ਬਿਮਾਰੀਆਂ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਜੋ ਸਾਡੇ ਜ਼ਿਮੀਦਾਰ ਭਰਾ ਇਸ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ ।



# ਝੋਨੇ ਦੀ ਫ਼ਸਲ ਨੂੰ ਮੁੱਖ ਬਿਮਾਰੀਆਂ ਤੋਂ ਕਿਵੇਂ ਬਚਾਇਆ ਜਾਵੇ

**ਡਾ. ਦੇਵੀ ਦਿਆਲ ਨਾਰੰਗ** (ਸਾਬਕਾ ਕੀਟ ਵਿਗਿਆਨੀ),
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋ. 94647-20231)

## (ੳ) ਝੋਨਾ

**1. ਤਣੇ ਦੁਆਲੇ ਪੱਤੇ ਦਾ ਝੁਲਸ ਰੋਗ (ਸ਼ੀਥ ਬਲਾਈਟ) :** ਤਣੇ ਦੁਆਲੇ ਪੱਤੇ ਦਾ ਝੁਲਸ ਰੋਗ ਇਕ ਉੱਲੀ ਕਾਰਨ ਲੱਗਦਾ ਹੈ । ਇਹ ਬਿਮਾਰੀ ਜ਼ਿਆਦਾ



ਝਾੜ ਦੇਣ ਵਾਲੀਆਂ ਅਤੇ ਜਲਦੀ ਪੱਕਣ ਵਾਲੀਆਂ ਕਿਸਮਾਂ ਤੇ ਵਧੇਰੇ ਲੱਗਦੀ ਹੈ । ਬਿਮਾਰੀ ਉੱਲੀ ਦੀਆਂ ਮਘਰੋੜੀਆਂ ਰਾਹੀਂ ਮਿੱਟੀ ਵਿੱਚ ਕਈ ਸਾਲਾਂ ਤੱਕ ਰਹਿੰਦੀ ਹੈ, ਜੋ ਕਿ ਬਿਮਾਰੀ ਲੱਗਣ ਦਾ ਮੁੱਖ ਕਾਰਨ ਬਣਦੀ ਹੈ । ਬਿਮਾਰੀ ਨਾਲ ਤਣੇ ਦੁਆਲੇ ਪੱਤੇ ਉੱਤੇ ਸਲੇਟੀ ਤੇ ਹਰੇ ਰੰਗ ਦੇ ਚੱਟਾਖ (ਧੱਬੇ) ਜਿਨ੍ਹਾਂ ਦੇ ਸਿਰੇ ਜਾਮਣੀ ਹੁੰਦੇ ਹਨ, ਪਾਣੀ ਦੀ ਸਤਹ ਤੋਂ ਉੱਪਰ ਪੈ ਜਾਂਦੇ ਹਨ । ਇਹ ਚਟਾਖ ਉੱਪਰ ਵੱਲ ਨੂੰ ਵੱਧਦੇ ਜਾਂਦੇ ਹਨ ਅਤੇ ਬਾਅਦ ਵਿੱਚ ਇੱਕ ਦੂਜੇ ਨਾਲ ਮਿਲ ਕੇ ਸ਼ੀਥ ਦੇ ਕਾਫੀ ਹਿੱਸੇ ਨੂੰ ਪ੍ਰਭਾਵਿਤ ਕਰ ਦਿੰਦੇ ਹਨ । ਇਸ ਬਿਮਾਰੀ ਨਾਲ ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਗੰਭੀਰ ਹਾਲਤਾਂ ਵਿੱਚ ਮੁੰਜ਼ਰਾਂ ਵਿੱਚ ਪੂਰੇ ਦਾਣੇ ਨਹੀਂ ਬਣਦੇ ਅਤੇ ਝਾੜ ਘੱਟ ਜਾਂਦਾ ਹੈ । ਇਸ ਬਿਮਾਰੀ ਦੇ ਰੇਸ਼ੇ ਖੇਤ ਦੇ ਬੰਨਿਆਂ ਤੇ ਉੱਗੇ ਘਾਹ ਜਾਂ ਦੱਬ ਵਿੱਚ ਜਿਉਂਦੇ ਰਹਿੰਦੇ ਹਨ ਅਤੇ ਬੰਨ੍ਹੇ ਦੇ ਨਾਲ ਲੱਗਦੇ ਝੋਨੇ ਦੇ ਬੂਟਿਆਂ ਤੇ ਬਿਮਾਰੀ ਦੀ ਲਾਗ ਲਾ ਦਿੰਦੇ ਹਨ ।

ਇਸ ਨੂੰ ਰੋਕਣ ਲਈ ਸਰਵਪੱਖੀ ਵਿਧੀ ਅਪਣਾਉਣੀ ਚਾਹੀਦੀ ਹੈ । ਵੱਟਾਂ ਤੋਂ ਘਾਹ ਸਾਫ ਕਰਕੇ ਰੱਖੋ ਅਤੇ ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਸਿਫ਼ਾਰਸ਼ ਤੋਂ ਵੱਧ ਵਰਤੋਂ ਨਾ ਕਰੋ । ਇਸ ਤੋਂ ਇਲਾਵਾ ਇਸ ਰੋਗ ਨੂੰ ਰੋਕਣ ਲਈ ਜਿਉਂ ਹੀ ਬਿਮਾਰੀ ਦੀਆਂ ਨਿਸ਼ਾਨੀਆਂ ਫ਼ਸਲ ਤੇ ਨਜ਼ਰ ਆਉਣ ਤਾਂ ਉੱਲੀਨਾਸ਼ਕਾਂ ਦਾ ਛਿੜਕਾਅ ਕਰਨਾ ਬਹੁਤ ਜ਼ਰੂਰੀ ਸਮਝੋ । ਜਾੜ੍ਹ ਮਾਰਨ ਤੋਂ ਨਿਸਰਣ ਤੱਕ ਤਣੇ ਦੁਆਲੇ ਪੱਤੇ ਦਾ ਝੁਲਸ ਰੋਗ ਜਿਉਂ ਹੀ ਨਜ਼ਰ ਆਵੇ ਤਾਂ 150 ਮਿ.ਲਿ. ਇਗਲੇਅਰ/ਪਲਸਰ 24 ਐਸ ਸੀ (ਬਾਈਫਲੁਜਾਮਾਈਡ) 150 ਮਿਲੀਲਿਟਰ ਜਾਂ ਐਪਿਕ 75 ਡਵਲਯੂ ਜੀ (ਹੈਕਸਾਕੋਨਾਜ਼ੋਲ) 26.8 ਗ੍ਰਾਮ ਜਾਂ ਗੈਲੇਲਿਓ ਵੇਅ 18.76 ਐਸ ਸੀ (ਪਾਇਕੋਕਸੀਸਟ੍ਰੋਬੀਨ + ਪ੍ਰੋਪੀਕੋਨਾਜ਼ੋਲ) 400 ਮਿ.ਲਿ. ਜਾਂ ਐਮੀਸਟਾਰ ਟੋਪ 325 ਐੱਸ ਸੀ ਜਾਂ ਟਿਲਟ/ਬੰਪਰ/ਪੀਕਾਪੀਕਾ 25 ਈ ਸੀ (ਪ੍ਰੋਪੀਕੋਨਾਜ਼ੋਲ) ਜਾਂ ਫੋਲੀਕਰ/ਓਰੀਅਸ 25 ਈ ਸੀ (ਟੈਬੂਕੋਨਾਜ਼ੋਲ) 200 ਮਿ.ਲਿ. ਜਾਂ ਨਟੀਵੋ 75 ਡਵਲਯੂ ਜੀ 80 ਗ੍ਰਾਮ ਜਾਂ ਲਸਚਰ 37.5 ਐੱਸ ਈ (ਫਲੂਜੀਲਾਜ਼ੋਲ + ਕਾਰਬੈਂਡਾਜ਼ਿਮ) 320 ਮਿ.ਲਿ. ਜਾਂ ਮੋਨਸਰਨ 250 ਐੱਸ ਸੀ (ਪੈਨਸਾਈਕੁਰੋਨ) 200 ਮਿਲੀਲਿਟਰ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਮੁੱਢਾਂ ਵੱਲ ਛਿੜਕਾਅ ਕਰੋ । ਲੋੜ ਪੈਣ ਤੇ 15 ਦਿਨਾਂ ਬਾਅਦ ਇਹ ਛਿੜਕਾਅ ਫਿਰ ਦੁਹਰਾਓ ।

**2. ਭੂਰੇ ਧੱਬਿਆਂ ਦਾ ਰੋਗ :**



ਇਸ ਬਿਮਾਰੀ ਦਾ ਹੱਲਾ ਹਲਕੀਆਂ ਜ਼ਮੀਨਾਂ ਤੇ ਬੀਜੇ ਝੋਨੇ ਤੇ ਆਮ ਹੀ ਦੇਖਿਆ ਜਾਂਦਾ ਹੈ । ਇਸ ਰੋਗ ਦੇ ਹਮਲੇ ਨਾਲ ਪੱਤਿਆਂ ਉੱਤੇ ਭੂਰੇ ਰੰਗ ਦੇ ਗੋਲ ਆਕਾਰ ਦੇ ਧੱਬੇ ਪੈ ਜਾਂਦੇ ਹਨ । ਹਰ ਧੱਬੇ ਦੇ ਦੁਆਲੇ ਪੀਲੇ ਰੰਗ ਦਾ ਚੱਕਰ ਬਣ ਜਾਂਦਾ ਹੈ ਅਤੇ ਬਣ ਰਹੇ ਦਾਣਿਆਂ ਦੀਆਂ ਘੁੰਢੀਆਂ ਉੱਤੇ ਵੀ ਇਹ ਧੱਬੇ ਆਮ ਪੈ ਜਾਂਦੇ ਹਨ । ਇਸ ਬਿਮਾਰੀ ਦੇ ਜੀਵਾਣੂੰ ਬੀਜ ਅਤੇ ਪਰਾਲੀ ਤੇ ਜਿਉਂਦੇ ਰਹਿੰਦੇ ਹਨ । ਫ਼ਸਲ ਨਿਸਰਨ ਵੇਲੇ ਜੇ ਹਨੇਰੀ ਜਾਂ ਝੱਖੜ ਆ ਜਾਵੇ ਤਾਂ ਇਸ ਬਿਮਾਰੀ ਦਾ ਹੱਲਾ ਜ਼ਿਆਦਾ ਹੁੰਦਾ ਹੈ ।

ਇਸ ਰੋਗ ਦੀ ਸੁਚੱਜੀ ਰੋਕਥਾਮ ਲਈ ਰੋਗ ਰਹਿਤ ਬੀਜ ਦੀ ਵਰਤੋ ਕਰਨੀ ਚਾਹੀਦੀ ਹੈ ਅਤੇ ਖੇਤ ਵਿੱਚ ਖਾਦ ਸਿਫਾਰਸ਼ ਕੀਤੇ ਸਮੇਂ ਅਨੁਸਾਰ ਹੀ ਪਾਉਣੀ ਚਾਹੀਦੀ ਹੈ । ਜੇਕਰ ਝੋਨੇ ਤੋਂ ਪਹਿਲਾਂ ਖੇਤ ਵਿੱਚ ਹਰੀ ਖਾਦ ਵਾਹੀ ਹੋਵੇ ਤਾਂ ਬਿਮਾਰੀ ਘੱਟ ਲੱਗਦੀ ਹੈ । ਇਸ ਤੋਂ ਇਲਾਵਾ ਸਿਫ਼ਾਰਸ਼ ਕੀਤੀਆਂ ਉਲੀਨਾਸ਼ਕ ਦਵਾਈਆਂ ਜਿਵੇਂ ਕਿ ਨਟੀਵੋ 75 ਡਬਲਯੂ ਜੀ (ਟਰਾਈਫਲੋਕਸੀਸਟੋਰਬਿਨ + ਟੈਬੂਕੋਨਾਜ਼ੋਲ) 80 ਗ੍ਰਾਮ ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਘੋਲ ਕੇ ਦੋ ਵਾਰ ਛਿੜਕਾਅ ਕਰੋ । ਪਹਿਲਾ ਛਿੜਕਾਅ ਜਾੜ੍ਹ ਮਾਰਨ ਸਮੇਂ ਕਰੋ ਅਤੇ ਦੂਜਾ ਛਿੜਕਾਅ 15 ਦਿਨਾਂ ਬਾਅਦ ਫੇਰ ਕਰੋ ।

**3. ਝੂਠੀ ਕਾਂਗਿਆਰੀ :** ਇਹ ਬਿਮਾਰੀ ਹਲਦੀ ਰੋਗ ਦੇ ਨਾਂ ਨਾਲ ਪ੍ਰਚਲਿਤ ਹੈ ਅਤੇ ਇਹ ਵੀ ਇੱਕ ਉੱਲੀ ਕਾਰਨ ਲੱਗਦੀ ਹੈ । ਇਸ ਬਿਮਾਰੀ ਦਾ ਹਮਲਾ ਝੋਨੇ ਦੀਆਂ ਬਹੁਤਾ ਝਾੜ ਦੇਣ ਵਾਲੀਆਂ ਕਿਸਮਾਂ ਤੇ ਵੀ ਹੋਣ ਲੱਗ ਪਿਆ ਹੈ ਅਤੇ ਇਸ ਦੀਆਂ ਨਿਸ਼ਾਨੀਆਂ ਫ਼ਸਲ ਦੇ ਨਿਸਰਣ ਸਮੇਂ ਹੀ ਨਜ਼ਰ ਆਉਂਦੀਆਂ ਹਨ । ਇਸ ਬਿਮਾਰੀ ਨਾਲ ਦਾਣਿਆਂ ਦੀ ਥਾਂ ਤੇ ਧੂੜੇਦਾਰ ਉੱਲੀ ਦੇ ਗੋਲੇ ਜਿਹੇ ਬਣ ਜਾਂਦੇ ਹਨ ਜੋ ਕਿ



ਪਹਿਲਾਂ ਹਲਕੇ ਕਰੀਮ ਰੰਗ ਦੇ ਹੁੰਦੇ ਹਨ ਅਤੇ ਬਾਅਦ ਵਿੱਚ ਹਲਦੀਨੁਮਾ ਪੀਲੇ ਰੰਗ ਦੇ ਹੋ ਕੇ ਗੂੜ੍ਹੇ ਹਰੇ ਰੰਗ ਵਿੱਚ ਬਦਲ ਜਾਂਦੇ ਹਨ । ਜੇਕਰ ਨਾਈਟ੍ਰੋਜਨ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 34
ਮਿਤੀ 23-08-2025

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


## ਟਰੰਪ ਟੈਰਿਫ ਕਾਰਨ

# ਖੇਤੀਬਾੜੀ ਖੇਤਰ ਨੂੰ ਖੋਲ੍ਹਣਾ ਅਸਥਿਰਤਾ ਪੈਦਾ ਕਰੇਗਾ




ਇਹ ਕਹਿਣਾ ਕਾਫ਼ੀ ਨਹੀਂ ਹੈ ਕਿ ਖੇਤੀਬਾੜੀ ਭਾਰਤ ਦੀ ਜੀ. ਡੀ. ਪੀ. (ਕੁਲ ਘਰੇਲੂ ਉਤਪਾਦਨ) ਵਿੱਚ ਸਿਰਫ਼ 16 ਫ਼ੀਸਦੀ ਦਾ ਯੋਗਦਾਨ ਪਾਉਂਦੀ ਹੈ । ਨਾ ਹੀ ਇਹ ਕਹਿਣਾ ਕਾਫ਼ੀ ਹੈ ਕਿ ਛੋਟੇ ਕਿਸਾਨ ਪਰਿਵਾਰ ਸਾਲਾਨਾ ਲਗਭਗ ਇੱਕ ਲੱਖ ਰੁਪਈਆ ਕਮਾਉਂਦੇ ਹਨ । ਫੇਰ ਵੀ ਇਹ ਅੰਕੜੇ ਪੂਰੀ ਕਹਾਣੀ ਨੂੰ ਨਹੀਂ ਦਰਸਾਉਂਦੇ । ਉਨ੍ਹਾਂ ਲਈ, ਖ਼ਾਸ ਕਰਕੇ ਜੋ ਭਾਰਤ ਤੋਂ ਬਾਹਰ ਨੇ, ਜੋ ਭਾਰਤ ਦੇ ਖੇਤੀਬਾੜੀ ਅਤੇ ਪੇਂਡੂ ਖੇਤਰਾਂ ਤੋਂ ਅਣਜਾਣ ਹਨ, ਇਹ ਅੰਕੜਾ ਇੱਕ ਵੱਡੇ ਬਿਰਤਾਂਤ ਨੂੰ ਛੁਪਾਉਂਦਾ ਹੈ । ਮੈਂ ਇੱਕ ਕਿਸਾਨ ਅਤੇ ਇੱਕ ਸਾਬਕਾ ਵਿੱਤ ਮੰਤਰੀ ਦੇ ਤੌਰ ’ਤੇ ਇਹ ਕਹਿ ਰਿਹਾ ਹਾਂ । ਇਨ੍ਹਾਂ ਦੇ ਪ੍ਰਭਾਵ ਅਰਥਵਿਵਸਥਾ ਤੋਂ ਬਹੁਤ ਅੱਗੇ ਹਨ, ਜੋ ਜੋਖ਼ਮ ਵਿੱਚ ਹੈ ਉਹ ਸਮਾਜਿਕ ਸਥਿਰਤਾ ਹੈ ਅਤੇ ਇਹ ਇੱਕ ਸੱਭਿਆਚਾਰਕ ਉਥਲ-ਪੁਥਲ ਲਿਆ ਸਕਦਾ ਹੈ, ਜਿਸ ਲਈ ਅਸੀਂ ਤਿਆਰ ਨਹੀਂ ਹਾਂ । ਉਦਾਹਰਣ ਵਜੋਂ 250 ਮਿਲੀਅਨ (25 ਕਰੋੜ) ਲੋਕ ਸਿੱਧੇ ਤੌਰ ’ਤੇ ਖੇਤੀ ’ਤੇ ਨਿਰਭਰ ਹਨ ਅਤੇ 700 ਮਿਲੀਅਨ (70 ਕਰੋੜ) ਅਜਿਹੇ ਭਾਰਤੀ ਹਨ, ਜੋ ਸਿੱਧੇ ਜਾਂ ਅਸਿੱਧੇ ਤੌਰ ’ਤੇ ਖੇਤੀ ਅਤੇ ਪੇਂਡੂ ਖੇਤਰ ਨਾਲ ਜੁੜੇ ਹੋਏ ਹਨ । ਖੇਤੀਬਾੜੀ ਖੇਤਰ ਦੀ ਰੱਖਿਆ ਕਰਨਾ ਸਿਰਫ਼ ਇੱਕ ਨੀਤੀ ਨਹੀਂ ਹੈ । ਇਹ ਲੱਖਾਂ ਲੋਕਾਂ ਦੇ ਜੀਵਨ ਅਤੇ ਬਚਾਅ ਲਈ ਇੱਕ ਵਿਧੀ ਹੈ, ਜੋ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ ਸਥਿਰਤਾ ਬਣਾਈ ਰੱਖਣ ਲਈ ਮਹੱਤਵਪੂਰਨ ਹੈ ।




ਮਨਪ੍ਰੀਤ ਸਿੰਘ ਬਾਦਲ
ਪੰਜਾਬ ਦੇ ਸਾਬਕਾ ਵਿੱਤ ਮੰਤਰੀ
ਮੋ. 98836-00786


ਖੇਤੀਬਾੜੀ ਸਬਸਿਡੀ ਅਤੇ ਟੈਰਿਫਾਂ ਦੇ ਆਲੇ-ਦੁਆਲੇ ਦੀ ਦਲੀਲ ਅਕਸਰ ਚੋਣਵੀਆਂ ਫ਼ਸਲਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਘੱਟੋ-ਘੱਟ ਸਮਰਥਨ ਮੁੱਲ (ਐਸ. ਐਸ. ਪੀ.) ’ਤੇ ਕੇਂਦਰਿਤ ਹੁੰਦੀ ਹੈ । ਅਮਰੀਕਾ ਅਤੇ ਯੂਰਪੀ ਸੰਘ ਦੇ ਜ਼ਿਆਦਾਤਰ ਹਿੱਸਿਆਂ ਵਿੱਚ, ਇਸ ਦੀ ਸ਼ਬਦਾਵਲੀ ਅਤੇ ਪਹੁੰਚ ਦੇ ਤਰੀਕੇਵੱਖੋ-ਵੱਖਰੇ ਹਨ, ਪਰ ਮੁੱਦਾ ਇੱਕੋ ਹੀ ਹੈ । ਜੇਕਰ ਭਾਰਤ ਕੋਲ ਐਮ. ਐਸ. ਪੀ. (ਘੱਟੋ-ਘੱਟ ਸਮਰਥਨ ਮੁੱਲ) ਹੈ, ਤਾਂ ਅਮਰੀਕਾ ਕੋਲ ERP, PLC, ARC ਅਤੇ DMC ਹਨ । ਮੈਨੂੰ ਵਿਸਥਾਰ ਵਿੱਚ ਦੱਸਣ ਦਿਓ ।

ERP ਪ੍ਰਭਾਵੀ ਸੰਦਰਭ ਕੀਮਤ ਹੈ, ਜੋ MSP ਦੇ ਸਮਾਨ ਹੈ । ਅਮਰੀਕਾ ਵਿੱਚ, ਕਿਸਾਨਾਂ ਨੂੰ ਸਰਕਾਰ ਤੋਂ ਸਿੱਧੇ ਭੁਗਤਾਨ ਪ੍ਰਾਪਤ ਹੁੰਦੇ ਹਨ, ਜੇਕਰ ਬਾਜ਼ਾਰ ਦੀਆਂ ਕੀਮਤਾਂ ਇਸ ਪੱਧਰ ਤੋਂ ਹੇਠਾਂ ਆਉਂਦੀਆਂ ਹਨ, ਅਤੇ ਇਸ ਨੂੰ PLC ਜਾਂ ਕੀਮਤ ਘਾਟਾ ਕਵਰੇਜ ਕਿਹਾ ਜਾਂਦਾ ਹੈ । PLC ਅਤੇ ARC (ਖੇਤੀਬਾੜੀ ਜੋਖਮ ਕਵਰੇਜ) ਦੋਵੇਂ 22 ਪ੍ਰਮੁੱਖ ਫ਼ਸਲਾਂ ਨੂੰ ਕਵਰ ਕਰਦੇ ਹਨ, ਜਿਸ ਵਿੱਚ ਕਣਕ ਅਤੇ ਮੱਕੀ ਤੋਂ ਲੈ ਕੇ ਸੋਇਆਬੀਨ ਅਤੇ ਕਪਾਹ ਸ਼ਾਮਿਲ ਹਨ । ਇਹ ਪ੍ਰਣਾਲੀਆਂ ਸਿਰਫ਼ ਖੇਤੀ ਤੱਕ ਸੀਮਤ ਨਹੀਂ ਹਨ, ਕਿਉਂਕਿ ਇਹ ਡੇਅਰੀ ਮਾਰਜਿਨ ਕਵਰੇਜ (DMC) ਪ੍ਰੋਗਰਾਮ ਦੇ ਤਹਿਤ ਡੇਅਰੀ ਸੈਕਟਰ ਤੱਕ ਵੀ ਫੈਲਦੀਆਂ ਹਨ । EU ਦੀ ਸਾਂਝੀ ਖੇਤੀਬਾੜੀ ਨੀਤੀ (CAP) ਸਿੱਧੀਆਂ ਅਦਾਇਗੀਆਂ ਰਾਹੀਂ ਆਮਦਨ ਸਹਾਇਤਾ ਪ੍ਰਦਾਨ ਕਰਦੀ ਹੈ, ਜੇਕਰ ਕੀਮਤਾਂ ਇੱਕ ਮਿੱਥੇ ਪੱਧਰ ਤੋਂ ਹੇਠਾਂ ਆਉਂਦੀਆਂ ਹਨ, ਜੋ ਕਿ MSP ਦੇ ਸਮਾਨ ਹਨ ।

ਮਹੱਤਵਪੂਰਨ ਫ਼ਰਕ ਇਹ ਹੈ ਕਿ ਜਦੋਂ ਕਿ ਭਾਰਤ ਵਿੱਚ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ’ਤੇ ਫ਼ਸਲਾਂ ਖ਼ਰੀਦਦੀ ਹੈ, ਅਮਰੀਕਾ ਵਿੱਚ ਸਰਕਾਰ ਫ਼ਸਲਾਂ ਦੀ ਖ਼ਰੀਦ ਨਹੀਂ ਕਰਦੀ, ਸਗੋਂ ਕਿਸਾਨਾਂ ਨੂੰ ਸਿੱਧੇ ਤੌਰ ’ਤੇ ਭੁਗਤਾਨ ਕਰਦੀ ਹੈ, ਜੇਕਰ ਕੀਮਤਾਂ ਘੱਟੋ-ਘੱਟ ਮੁੱਲ ਤੋਂ ਹੇਠਾਂ ਆ ਜਾਂਦੀਆਂ ਹਨ । ਸਾਖਰਤਾ ਪੱਧਰ ਜਾਂ ਇਸ ਦੀ ਘਾਟ ਅਤੇ ਇਨ੍ਹਾਂ ਵੱਖ-ਵੱਖ ਯੂਰਪੀ ਸੰਘ ਅਤੇ ਅਮਰੀਕੀ ਨੀਤੀਆਂ ਵਿੱਚ ਨਾਂਅ ਦਰਜ ਕਰਵਾਉਣ ਨਾਲ ਜੁੜੇ ਕਾਗਜ਼ਾਤ ਨੂੰ ਦੇਖਦੇ ਹੋਏ ਭਾਰਤੀ ਕਿਸਾਨਾਂ ਨੂੰ ਇਨ੍ਹਾਂ ਪ੍ਰਣਾਲੀਆਂ ਵਿੱਚ ਤਬਦੀਲੀ ਕਰਨ ਲਈ ਕਹਿਣ ਨਾਲ ਨੌਕਰਸ਼ਾਹੀ ਦਾ ਇੱਕ ਹੋਰ ਵੱਡਾ ਹਿੱਸਾ ਪੈਦਾ ਕਰਨਾ ਹੋਵੇਗਾ । ਇਸ ਤੋਂ ਇਲਾਵਾ ਭਾਰਤ ਵਿੱਚ ਅਮਰੀਕਾ ਅਤੇ ਯੂਰਪੀ ਸੰਘ ਦੇ ਮਾਡਲਾਂ ਨੂੰ ਲਾਗੂ ਕਰਨ ਵਿੱਚ ਜੇ ਦਹਾਕੇ ਨਹੀਂ ਤਾਂ ਕਈ ਸਾਲ ਜ਼ਰੂਰ ਲੱਗਣਗੇ ।

ਭਾਰਤ ਦੀਆਂ ਆਪਣੀਆਂ ਖੇਤੀ ਵਿਧੀਆਂ, ਭਾਵੇਂ ਘੱਟੋ-ਘੱਟ ਸਮਰਥਨ ਮੁੱਲ ਹੋਵੇ ਜਾਂ ਟੈਰਿਫ, ਖੇਤੀਬਾੜੀ ਨੂੰ ਅੰਤਰਰਾਸ਼ਟਰੀ ਬਾਜ਼ਾਰੀ ਤਾਕਤਾਂ ਲਈ ਖੋਲ੍ਹਣ ਅਤੇ ਖ਼ਤਮ ਕਰਨ ਦਾ ਦਬਾਅ ਜ਼ਰੂਰ ਪਵੇਗਾ । ਪਰ ਇਹ ਤਾਂ ਹੀ ਜਾਇਜ਼ ਹੋਵੇਗਾ, ਜੇਕਰ ਅਮਰੀਕਾ ਅਤੇ ਯੂਰਪੀ ਸੰਘ ਆਪਣੇ ਖੇਤੀਬਾੜੀ ਸੈਕਟਰਾਂ ਨੂੰ ਸਬਸਿਡੀ ਨਾਂਅ ਮੁਹੱਈਆਂ ਕਰਵਾਉਂਦੇ ਹੋਣ । ਅਮਰੀਕਾ ਲਗਭਗ 20 ਬਿਲੀਅਨ ਡਾਲਰ (16600 ਕਰੋੜ ਰੁਪਏ) ਅਤੇ ਯੂਰਪੀ ਸੰਘ ਲਗਭਗ 50 ਬਿਲੀਅਨ ਡਾਲਰ (415000 ਕਰੋੜ ਰੁਪਏ) ਖੇਤੀਬਾੜੀ ਸਬਸਿਡੀਆਂ ’ਤੇ ਖ਼ਰਚ ਕਰਦਾ ਹੈ । ਦਰਅਸਲ, ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਸਬਸਿਡੀਆਂ ਲੁਕੀਆਂ ਰਹਿੰਦੀਆਂ ਹਨ, ਜਦੋਂ ਕਿ ਭਾਰਤੀ ਐਮ. ਐਸ. ਪੀ. ਪ੍ਰਣਾਲੀ ਬਹੁਤ ਜ਼ਿਆਦਾ ਪਾਰਦਰਸ਼ੀ ਹੈ ।

ਅਮਰੀਕੀ ਸਬਸਿਡੀਆਂ ਦਾ ਧਿਆਨ ਵੱਡੇ ਖੇਤਾਂ ਜਾਂ ਕਿਸਾਨੀ ’ਤੇ ਕੇਂਦਰਿਤ ਹੈ, ਜਦੋਂ ਕਿ ਭਾਰਤੀ ਖੇਤੀ ਨੀਤੀ ਛੋਟੇ ਕਿਸਾਨਾਂ ’ਤੇ ਕੇਂਦਰਿਤ ਹੈ । ਅਮਰੀਕੀ ਨੀਤੀਗਤ ਤਰਜੀਹਾਂ ਵਿਚ ਬਾਜ਼ਾਰ ਸਥਿਰਤਾ, ਆਮਦਨ ਸੁਰੱਖਿਆ ਅਤੇ ਜਲਵਾਯੂ ਅਨੁਕੂਲਨ ਸ਼ਾਮਿਲ ਹਨ, ਜਦੋਂ ਕਿ ਭਾਰਤ ਛੋਟੇ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਦੀ ਸਹਾਇਤਾ ’ਤੇ ਧਿਆਨ ਕੇਂਦਰਿਤ ਕਰਦਾ ਹੈ, ਜਿਸ ਨਾਲ ਪੇਂਡੂ ਅਰਥਵਿਵਸਥਾ ਦਾ ਨਿਯਮਿਤ ਵਿਕਾਸ ਯਕੀਨੀ ਬਣਾਇਆ ਜਾ ਸਕਦਾ ਹੈ । ਯੂਰਪੀਅਨ ਯੂਨੀਅਨ ਦੀਆਂ ਸਬਸਿਡੀਆਂ ਆਮਦਨ ਸਹਾਇਤਾ, ਵਾਤਾਵਰਨ ਟੀਚਿਆਂ, ਜਲਵਾਯੂ ਅਤੇ ਜੈਵ ਵਿਭਿੰਨਤਾ ਦੇ ਟੀਚਿਆਂ ਵੱਲ ਵਧੇਰੇ ਸੇਧਤ ਹਨ ।

ਅਮਰੀਕਾ ਅਤੇ ਯੂਰਪ ਦੇ ਬਹੁਤ ਸਾਰੇ ਹਿੱਸਿਆਂ ਵਿੱਚ 80 ਫ਼ੀਸਦੀ ਸਬਸਿਡੀਆਂ ਵੱਡੇ ਖੇਤਾਂ ਅਤੇ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਹਨ, ਜਦੋਂ ਕਿ ਭਾਰਤ ਵਿੱਚ ਇਹ ਇਸ ਦੇ ਉਲਟ ਹੈ, ਜਿਸ ਵਿੱਚ 80 ਪ੍ਰਤੀਸ਼ਤ ਸਬਸਿਡੀ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਜਾਂਦੀ ਹੈ । ਯੂਰਪੀਅਨ ਯੂਨੀਅਨ, ਆਪਣੇ ਨਵੀਨਤਮ ਬਜਟ ਪ੍ਰਬੰਧਾਂ ਵਿੱਚ ਅਮਰੀਕੀ ਸਬਸਿਡੀ ਦੇ ਤਰੀਕਿਆਂ ਤੋਂ ਪਾਸਾ ਵੱਟ ਕੇ ਛੋਟੇ ਭਾਰਤੀ ਮਾਡਲ ਵੱਲ ਜਾਣ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਜੋ ਛੋਟੇ ਕਿਸਾਨਾਂ ਦਾ ਸਮਰਥਨ ਕੀਤਾ ਜਾ ਸਕੇ । ਦਰਅਸਲ, ਯੂਰਪੀਅਨ ਯੂਨੀਅਨ ਦੀ ਆਪਣੀ ਸਾਂਝੀ ਖੇਤੀਬਾੜੀ ਨੀਤੀ (CAP) ਵਿੱਚ ਨਵੀਨਤਮ ਪ੍ਰਬੰਧ 2021-2027 ਲਈ 387 ਬਿਲੀਅਨ ਯੂਰੋ (451 ਬਿਲੀਅਨ ਪੌਂਡ) ਹੈ, ਅਤੇ ਹਾਲ ਹੀ ਵਿੱਚ ਪਿਛਲੇ ਮਹੀਨੇ ਵਾਂਗ, ਉਨ੍ਹਾਂ ਨੇ ਵੱਡੇ ਕਿਸਾਨਾਂ ਤੋਂ ਛੋਟੇ ਕਿਸਾਨਾਂ ਨੂੰ ਸਹਾਇਤਾ ਤਬਦੀਲ ਕਰਨ ਦੀ ਕੋਸ਼ਿਸ਼ ਵਿੱਚ ਪ੍ਰਤੀ ਕਿਸਾਨ ਪ੍ਰਤੀ ਸਾਲ 1,00,000 ਯੂਰੋ ਦੀ ਕੈਪ ਦਾ ਪ੍ਰਸਤਾਵ ਰੱਖਿਆ । ਇਹ ਪ੍ਰਤੀ ਕਿਸਾਨ ਸਬਸਿਡੀ ਇੱਕ ਕਰੋੜ ਲੱਗਭਗ ਬਣਦੀ ਹੈ ।

ਭਾਰਤ ਲਈ ਅਸਲ ਮੁੱਦਾ ਸਮਾਨਤਾ ਅਤੇ ਵਿਕਾਸ-ਕੇਂਦ੍ਰਿਤ ਸਮਝੌਤਿਆਂ ਦਾ ਹੈ । ਜਿਵੇਂ ਕਿ ਭਾਰਤੀ M.S.P. ਸਪੱਸ਼ਟ, ਪਾਰਦਰਸ਼ੀ ਅਤੇ ਭਾਰਤੀ ਸੰਦਰਭ ’ਤੇ ਕੇਂਦ੍ਰਿਤ ਹੈ, CAP, ERP, PLC, ARC ਅਤੇ DMC ਦਾ ਵਰਣਮਾਲਾ ਸੂਪ ਅਮਰੀਕਾ ਅਤੇ EU ਸੰਦਰਭਾਂ ਦੇ ਅਨੁਸਾਰ ਤਿਆਰ ਕੀਤਾ ਗਿਆ ਹੈ । ਇਹ ਦ੍ਰਿਸ਼ਟੀਕੋਣ ਨਾ ਸਿਰਫ਼ ਆਰਥਿਕਤਾ ਤੋਂ, ਸਗੋਂ ਸਮਾਜ, ਰਾਜਨੀਤੀ ਅਤੇ ਸੱਭਿਆਚਾਰ ਤੋਂ ਵੀ ਪੈਦਾ ਹੁੰਦਾ ਹੈ । ਜਦੋਂ ਅਮਰੀਕਾ ਅਤੇ ਯੂਰਪੀਨ ਯੂਨੀਅਨ ਦੀਆਂ ਸਬਸਿਡੀਆਂ ਬਾਜ਼ਾਰ ਨੂੰ ਆਪਣੇ ਪੱਖ ਵਿੱਚ ਅਨੁਕੂਲਿਤ ਕਰਦੀਆਂ ਹਨ, ਤਾਂ ਪੂਰੇ ਖੇਤੀਬਾੜੀ ਖੇਤਰ ਨੂੰ ਸਭ ਲਈ ਖੋਲ੍ਹਣਾ ਇੱਕ ਕਿਸਮ ਦਾ ਅਸਮਿਤ ਯੁੱਧ ਪੈਦਾ ਕਰੇਗਾ, ਜਿਸ ਦੇ ਭਾਰਤੀ ਸਮਾਜ ਲਈ ਚੰਗੇ ਨਤੀਜੇ ਨਹੀਂ ਹੋਣਗੇ । ਉਥਲ-ਪੁਥਲ ਬਹੁਤ ਵੱਡੀ ਹੋਵੇਗੀ ।

ਇਹ ਰੁਖ਼ ਉੱਚ ਪੱਧਰਾ ’ਤੇ ਸਪੱਸ਼ਟ ਤੌਰ ’ਤੇ ਬਿਆਨ ਕੀਤਾ ਗਿਆ ਹੈ । ਜਿਵੇਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਕਿਹਾ ਸੀ : ‘ਸਾਡੇ ਲਈ, ਸਾਡੇ ਕਿਸਾਨਾਂ ਦੇ ਹਿੱਤ ਸਭ ਤੋਂ ਵੱਧ ਤਰਜੀਹ ਹਨ । ਭਾਰਤ ਆਪਣੇ ਕਿਸਾਨਾਂ, ਡੇਅਰੀ ਕਿਸਾਨਾਂ ਅਤੇ ਮਛੇਰਿਆਂ ਦੇ ਹਿੱਤਾਂ ਨਾਲ ਕਦੇ ਵੀ ਸਮਝੌਤਾ ਨਹੀਂ ਕਰੇਗਾ । ਮੈਂ ਜਾਣਦਾ ਹਾਂ ਕਿ ਮੈਨੂੰ ਨਿੱਜੀ ਤੌਰ ’ਤੇ ਭਾਰੀ ਕੀਮਤ ਚੁਕਾਉਣੀ ਪਵੇਗੀ ਪਰ ਮੈਂ ਇਸ ਦੇ ਲਈ ਤਿਆਰ ਹਾਂ ।’

# ਲਾਹੇਵੰਦ ਹੈ ਅਮਰੂਦਾਂ ਦੀ ਖੇਤੀ



**ਅਮਰੂਦਾਂ ਦੇ ਬਾਗਾਂ ਤੇ ਆਮਦਨ ਤਕਰੀਬਨ 3 ਸਾਲ ਬਾਅਦ ਸ਼ੁਰੂ ਹੋ ਜਾਂਦੀ ਹੈ ਜਿਹੜੀ ਇੱਕ ਲੱਖ ਰੁਪਏ ਪ੍ਰਤੀ ਏਕੜ ਤੋਂ ਸ਼ੁਰੂ ਹੋ ਕੇ ਪੰਜ ਲੱਖ ਰੁਪਏ ਪ੍ਰਤੀ ਏਕੜ ਤੱਕ ਪਹੁੰਚ ਸਕਦੀ ਹੈ...**

**ਅਮਰੂਦ ਦੀ ਖੇਤੀ ਪੰਜਾਬ ਦੇ ਹਰ ਖੇਤਰ ਵਿੱਚ ਹੋ ਸਕਦੀ ਹੈ। ਮੌਸਮ ਮੁਤਾਬਿਕ ਪੂਰਾ ਸਾਲ ਹੀ ਅਮਰੂਦ ਦੀ ਫ਼ਸਲ ਚੱਲਦੀ ਰਹਿੰਦੀ ਹੈ। ਇਕ ਸਾਲ ਵਿੱਚ ਤਿੰਨ ਵਾਰ ਅਮਰੂਦਾਂ ਤੋਂ ਚੰਗੀ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ...**

ਬ੍ਰਿਸ ਭਾਨ ਬੁਜਰਕ
ਮੋ. 98761-01698

ਅਮਰੂਦ, ਕਿੰਨੂ, ਅੰਗੂਰ, ਆੜੂ, ਸੰਗਤਰਾ, ਕੇਲੇ, ਨਿੰਬੂ, ਪਿਉਂਦੀ ਬੇਰ ਆਦਿ ਸਮੇਤ ਬਹੁਤ ਸਾਰੇ ਫਲ ਬਾਗਬਾਨੀ ਦੇ ਖੇਤਰ ਵਿੱਚ ਆਉਂਦੇ ਹਨ ਪਰ ਇਹ ਫਲ ਮੌਸਮੀ ਅਤੇ ਪੂਰੇ ਸਾਲ ਵਿੱਚ ਇੱਕ ਹੀ ਫ਼ਸਲ ਦਿੰਦੇ ਹਨ। ਇਸ ਤੋਂ ਬਾਅਦ ਬਾਗਬਾਨ ਵਿਹਲਾ ਹੋ ਜਾਂਦਾ ਹੈ। ਅਮਰੂਦ ਬਾਗਬਾਨ ਦੀ ਖੇਤੀ ਵਿੱਚ ਅਜਿਹੀ ਫ਼ਸਲ ਹੈ ਜਿਹੜੀ ਪੰਜਾਬ ਦੇ ਹਰ ਖੇਤਰ ਵਿੱਚ ਹੋ ਸਕਦੀ ਹੈ ਅਤੇ ਮੌਸਮ ਦੇ ਮੁਤਾਬਿਕ ਇੱਕ ਫ਼ਸਲ ਹੀ ਨਹੀਂ ਦਿੰਦੀ ਸਗੋਂ ਪੂਰਾ ਸਾਲ ਹੀ ਅਮਰੂਦ ਦੀ ਫ਼ਸਲ ਚੱਲਦੀ ਰਹਿੰਦੀ ਹੈ। ਇਕ ਸਾਲ ਵਿੱਚ ਤਿੰਨ ਵਾਰੀ ਅਮਰੂਦ ਦੇ



ਬਾਗਾਂ ਤੋਂ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ। ਆਮਦਨ ਤੋਂ ਬਿਨਾਂ ਹਰੇ-ਭਰੇ ਖੇਤ ਹੋਣ ਕਰ ਕੇ ਹਰਿਆਵਾਲ ਵਿੱਚ ਵੀ ਵਾਧਾ ਹੁੰਦਾ ਹੈ। ਜੇਕਰ ਹੋਰ ਜ਼ਿਆਦਾ ਆਮਦਨ ਲੈਣੀ ਹੋਵੇ ਤਾਂ ਅਮਰੂਦ ਦੇ ਬਾਗਾਂ ਵਿੱਚ ਵੇਲ੍ਹਾਂ ਵਾਲੀਆਂ ਸਬਜ਼ੀਆਂ ਵੀ ਬੀਜੀਆਂ ਜਾ ਸਕਦੀਆਂ ਹਨ ਪਰ ਵੇਲ੍ਹ ਅਮਰੂਦ ਦੇ ਬੂਟੇ 'ਤੇ ਨਹੀਂ ਚੜ੍ਹਨੀ ਚਾਹੀਦੀ ਸਗੋਂ ਅਮਰੂਦ ਦੇ ਬਾਗਾਂ ਵਿੱਚ ਉੱਗੇ ਹੋਏ ਘਾਹ-ਫੂਸ ਦੁਆਲੇ ਹੀ ਘੁੰਮਦੀ ਰਹਿਣੀ ਚਾਹੀਦੀ ਹੈ।

## ਪ੍ਰੋਸੈਸਿੰਗ ਪਲਾਂਟ ਲਗਾਉਣ ਦੀ ਯੋਜਨਾ

ਅਮਰੂਦਾਂ ਦੇ ਫਲ ਦੀ ਥੋੜ੍ਹੀ ਜਿਹੀ ਮੰਡੀ ਦੀ ਸਮੱਸਿਆ ਜ਼ਰੂਰ ਹੈ ਜਿਸ ਨੂੰ ਦੂਰ ਕਰਨ ਲਈ ਜ਼ਿਲ੍ਹੇ ਪਟਿਆਲੇ ਦੇ ਕਸਬਾ ਘੱਗਾ ਵਿਖੇ ਅਮਰੂਦ ਬਾਗਬਾਨ ਪਵਨ ਕੁਮਾਰ ਲਕੀ ਅਤੇ ਗੁਰਬਖ਼ਸ਼ੀਸ਼ ਸਿੰਘ ਵਲੋਂ ਪ੍ਰੋਸੈਸਿੰਗ ਪਲਾਂਟ ਲਗਾਉਣ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਕਿਉਂਕਿ ਬਾਗਬਾਨੀ ਨਾਲ ਜੁੜੇ ਬਾਗਾਂ ਦੇ ਮਾਹਿਰ ਅਮਰੂਦ ਦੇ ਬਾਗ ਲਗਵਾਉਣ, ਬੂਟੇ ਦੇਣ, ਸਬਸਿਡੀ ਦੇਣ ਆਦਿ ਵਰਗੇ ਕੰਮ ਕਰਨ ਲਈ ਤਿਆਰ ਹਨ ਪਰ ਅਮਰੂਦ ਵੇਚਣ ਲਈ ਪੱਕੇ ਤੌਰ 'ਤੇ ਮੰਡੀ ਦਾ ਉਨ੍ਹਾਂ ਕੋਲ ਕੋਈ ਵੀ ਪ੍ਰਬੰਧ ਨਹੀਂ ਹੈ। ਜਿਸ ਮੰਡੀ ਦਾ ਪ੍ਰਬੰਧ ਬਾਗਬਾਨਾਂ ਨੂੰ ਖ਼ੁਦ ਕਰਨਾ ਪੈਂਦਾ ਹੈ।

## ਬਾਗ ਲਗਾਉਣ ਦਾ ਸਮਾਂ

ਭਾਵੇਂ ਅਕਤੂਬਰ-ਨਵੰਬਰ ਵਿੱਚ ਵੀ ਅਮਰੂਦ ਦੇ ਬਾਗ ਲਗਾਏ ਜਾ ਸਕਦੇ ਹਨ ਪਰ ਅੱਗੇ ਸਰਦੀ ਦਾ ਮੌਸਮ ਹੋਣ ਕਾਰਨ ਬੂਟਿਆਂ ਨੂੰ ਠੰਡ ਤੋਂ ਬਚਾਅ ਲਈ ਪ੍ਰਬੰਧ ਕਰਨੇ ਪੈਂਦੇ ਹਨ। ਜਿਸ ਕਰ ਕੇ ਕੁਝ ਸਮਾਂ ਪਹਿਲਾਂ ਹੀ ਅਮਰੂਦ ਦਾ ਬਾਗ ਲਗਾਉਣਾ ਚਾਹੀਦਾ ਹੈ। ਜ਼ਿਲ੍ਹਾ ਪਟਿਆਲਾ ਦੇ ਪਿੰਡ ਘੱਗਾ ਵਿਖੇ ਅਮਰੂਦਾਂ ਦਾ ਬਾਗ ਲਗਾਉਣ ਵਾਲੇ ਰਛਪਾਲ ਸਿੰਘ ਪੁੱਤਰ ਬਲਦੇਵ ਸਿੰਘ ਨੇ ਦੱਸਿਆ ਕਿ ਇੱਕ ਏਕੜ ਵਿੱਚ 110 ਤੋਂ 145 ਅਮਰੂਦਾਂ ਦੇ ਬੂਟੇ ਲਗਾਏ ਜਾ ਸਕਦੇ ਹਨ। ਬੂਟੇ ਤੋਂ ਬੂਟੇ ਦਾ ਫਾਸਲਾ 10×12 ਰੱਖਿਆ ਜਾ ਸਕਦਾ ਪਰ ਬਾਗਬਾਨੀ ਵਿਭਾਗ ਬੂਟੇ ਤੋਂ ਬੂਟੇ ਦੇ ਫ਼ਾਸਲੇ ਦੀ ਸਿਫ਼ਾਰਸ਼ 20×20 ਕਰਦਾ ਹੈ। ਉਨ੍ਹਾਂ ਕੋਲ ਹੁਣ ਤਿੰਨ ਏਕੜ ਵਿੱਚ ਅਮਰੂਦਾਂ ਦਾ ਬਾਗ ਹੈ ਅਤੇ ਦੋ ਏਕੜ ਹੋਰ ਲਗਾਉਣ ਦੀ ਯੋਜਨਾ ਚੱਲ ਰਹੀ ਹੈ। ਜਿੱਥੇ ਬੂਟੇ ਤੋਂ ਬੂਟੇ ਦਾ ਫ਼ਾਸਲਾ 11×12 ਰੱਖਿਆ ਜਾਵੇਗਾ।

## ਬੂਟੇ ਦੀ ਕਿਸਮਾਂ

ਅਮਰੂਦ ਦੇ ਬੂਟਿਆਂ ਦੀ ਸਭ ਤੋਂ ਵੱਧ ਪ੍ਰਚਲਿਤ ਕਿਸਮ ਨੂੰ ਹਿਸਾਰ ਸਫੈਦਾ ਕਿਹਾ ਜਾਂਦਾ ਹੈ। ਜ਼ਿਆਦਾਤਰ ਇਹ ਹੀ ਕਿਸਮ ਬਾਗਬਾਨੀ ਲਈ ਵਰਤੀ ਜਾ ਰਹੀ ਹੈ ਪਰ ਬਾਗ ਅੰਦਰ ਕਿਸਮ ਵਧਾਉਣ ਲਈ ਐਪਲ ਗਬਾਬਾ ਕਿਸਮ ਦੇ ਕੁਝ ਬੂਟੇ ਵੀ ਲਗਾਏ ਜਾ ਸਕਦੇ ਹਨ। ਇਸ ਕਿਸਮ ਦੀ ਫਲ ਉਪਰੋਂ ਲਾਲ ਰੰਗ ਦੇ ਹੁੰਦੇ ਹਨ। ਅਮਰੂਦਾਂ ਦੀ ਤੀਸਰੀ ਕਿਸਮ ਪੰਜਾਬ ਪਿੰਕ ਹੈ। ਇਸ ਕਿਸਮ ਦੇ ਫ਼ਲਾਂ ਦਾ ਰੰਗ ਅੰਦਰੋਂ ਲਾਲ ਹੁੰਦਾ ਹੈ।

## ਸਰਕਾਰੀ ਤੇ ਨਿੱਜੀ ਤੌਰ 'ਤੇ ਬੂਟੇ ਦੀ ਕੀਮਤ

ਸਰਕਾਰੀ ਤੌਰ 'ਤੇ ਅਮਰੂਦ ਦੇ ਬੂਟੇ ਦੀ ਕੀਮਤ 45 ਰੁਪਏ ਪ੍ਰਤੀ ਬੂਟਾ ਰੱਖੀ ਗਈ ਪਰ ਨਿੱਜੀ ਤੌਰ 'ਤੇ ਅਮਰੂਦਾਂ ਦੇ ਬੂਟੇ ਤਿਆਰ ਕਰਨ ਵਾਲੀਆਂ ਨਰਸਰੀਆਂ 100/150 ਰੁਪਏ ਪ੍ਰਤੀ ਬੂਟੇ ਦੀ ਕੀਮਤ ਰੱਖਦੀਆਂ ਹਨ। ਹਰਿਆਣਾ ਰਾਜ ਦੇ ਕਸਬਾ ਭੂਨਾ ਅਤੇ ਕਲਾਇਤ ਵਿਖੇ ਅਮਰੂਦ ਦੇ ਬੂਟੇ ਤਿਆਰ ਕਰਨ ਵਾਲੀਆਂ ਨਰਸਰੀਆਂ ਹਨ ਪਰ ਕਲਾਈਤ ਨੇੜੇ ਪਿੰਡ ਜਲਾਨੀਖੇੜਾ ਵਿੱਚ ਚੱਲ ਰਹੀ ਨਰਸਰੀ ਵਿੱਚੋਂ ਮਿਲਣ ਵਾਲੇ ਬੂਟਿਆਂ ਦੀ ਕੀਮਤ ਵੀ ਠੀਕ ਦੱਸੀ ਜਾ ਰਹੀ ਅਤੇ ਨਰਸਰੀ ਵਧੀਆ ਬੂਟੇ ਤਿਆਰ ਕਰਨ ਕਰਕੇ ਰਾਸ਼ਟਰੀ ਪੱਧਰ 'ਤੇ ਐਵਾਰਡ ਵੀ ਲੈ ਚੁੱਕੀ ਹੈ। ਜਿਸ ਕਰਕੇ ਅਮਰੂਦਾਂ ਦਾ ਬਾਗ ਲਗਾਉਣ ਤੋਂ ਪਹਿਲਾਂ ਬੂਟੇ ਕਿਸੇ ਭਰੋਸੇਯੋਗ ਸਰਕਾਰੀ ਜਾਂ ਗੈਰ-ਸਰਕਾਰੀ ਨਰਸਰੀ ਤੋਂ ਹੀ ਲੈਣੇ ਚਾਹੀਦੇ ਹਨ ਕਿਉਂਕਿ ਵਧੀਆ ਜਾਂ ਘਟੀਆ ਬੂਟਿਆਂ ਦੀ ਪਛਾਣ ਤਿੰਨ ਸਾਲ ਬਾਅਦ ਜਾ ਕੇ ਹੋਣੀ ਹੈ। ਜੇਕਰ ਗੈਰ-ਭਰੋਸੇਮੰਦ ਨਰਸਰੀ ਤੋਂ ਬੂਟੇ ਲੈ ਕੇ ਲਗਾ ਲਏ ਅਤੇ ਤਿੰਨ ਸਾਲ ਬਾਅਦ ਨਤੀਜੇ ਮਾੜੇ ਨਿਕਲੇਤਾਂ ਕੀਤੀ ਗਈ ਸਾਰੀ ਮਿਹਨਤ 'ਤੇ ਪਾਣੀ ਫਿਰ ਜਾਂਦਾ ਹੈ।

## ਅਮਰੂਦ ਦੇ ਫਲਾਂ ਦੀ ਤੁੜਾਈ

ਲੀਚੀ, ਅੰਬ, ਜਾਮਨ, ਅੰਗੂਰ ਆਦਿ ਵਰਗੇ ਫਲਾਂ ਦੇ ਮੁਕਾਬਲੇ ਅਮਰੂਦ ਨੂੰ ਲੰਮੇ ਸਮੇਂ ਤੱਕ ਸੰਭਾਲ ਕੇ ਰੱਖਿਆ ਜਾ ਸਕਦਾ ਹੈ ਅਤੇ ਮੰਡੀ ਕਰਨ ਸਮੇਂ ਫਲ ਖਰਾਬ ਵੀ ਨਹੀਂ ਹੁੰਦਾ। ਜਦੋਂਕਿ ਦੂਸਰੇ ਕੁੱਝ ਘੰਟਿਆਂ ਬਾਅਦ ਖ਼ਰਾਬ ਹੋਣੇ ਸ਼ੁਰੂ ਹੋ ਜਾਂਦੇ ਹਨ ਜਾਂ ਫਿਰ ਮੰਡੀ ਵਿਚ ਲੈ ਕੇ ਜਾਣ ਸਮੇਂ ਸਾਵਧਾਨੀ ਵਰਤਣੀ ਪੈਂਦੀ ਹੈ ਪਰ ਅਮਰੂਦ ਵਿੱਚ ਅਜਿਹੀ ਕੋਈ ਮੁਸ਼ਕਿਲ ਨਹੀਂ। ਅਮਰੂਦ ਦਾ ਫਲਾਂ ਦੀ ਤੁੜਾਈ ਖ਼ਾਸ ਕਰਕੇ ਹਿਸਾਰ ਸਫ਼ੈਦਾ ਕਿਸਮ ਦੀ ਜੁਲਾਈ, ਨਵੰਬਰ ਅਤੇ ਮਾਰਚ ਮਹੀਨੇ ਵਿੱਚ ਕੀਤੀ ਜਾ ਸਕਦੀ ਹੈ। ਜੇਕਰ ਖ਼ਰਾਬ ਮੌਸਮ ਕਾਰਨ ਅਮਰੂਦ ਦਾ ਫਲ ਬੂਟਿਆਂ ਨਾਲੋਂ ਟੁੱਟ ਜਾਵੇ ਤਾਂ ਵੀ ਮੰਡੀ ਵਿੱਚ ਵੇਚਿਆ ਜਾ ਸਕਦਾ ਪਰ ਜਾਮਨ, ਲੀਚੀ, ਸੰਗਤਰਾ ਆਦਿ ਬੂਟੇ ਤੋਂ ਟੁੱਟ ਕੇ ਡਿੱਗਣ ਸਾਰ ਹੀ ਖ਼ਰਾਬ ਹੋ ਜਾਂਦੇ ਹਨ।

## ਲਗਾਤਾਰ ਵਧਦੀ ਹੈ ਆਮਦਨ

ਜਦੋਂ ਅਸੀਂ ਅਮਰੂਦਾਂ ਦੇ ਬਾਗਾਂ ਤੋਂ ਆਮਦਨ ਹੋਣ ਦੀ ਗੱਲ ਕਰਦੇ ਹਾਂ ਤਾਂ ਇਸ ਦੀ ਆਮਦਨ ਤਿੰਨ ਕੁ ਸਾਲ ਬਾਅਦ ਸ਼ੁਰੂ ਹੋ ਜਾਂਦੀ ਹੈ। ਜਿਹੜੀ ਇਕ ਲੱਖ ਰੁਪਏ ਪ੍ਰਤੀ ਏਕੜ ਤੋਂ ਸ਼ੁਰੂ ਹੋ ਕੇ ਪੰਜ ਲੱਖ ਰੁਪਏ ਪ੍ਰਤੀ ਏਕੜ ਤੱਕ ਪਹੁੰਚ ਸਕਦੀ ਹੈ। ਪੰਜ ਸਾਲ ਦੇ ਬੂਟਿਆਂ ਵਾਲਾ ਬਾਗ ਪ੍ਰਤੀ ਏਕੜ 4 ਤੋਂ 5 ਲੱਖ ਰੁਪਏ ਸਾਲਾਨਾ ਠੇਕੇ 'ਤੇ ਚੜ੍ਹ ਜਾਂਦਾ ਹੈ। ਜੇਕਰ ਬਾਗ ਦਾ ਮਾਲਕ ਖ਼ੁਦ ਮੰਡੀਕਰਨ ਕਰਦਾ ਹੈ ਤਾਂ ਹੋਰ ਵੀ ਵੱਧ ਆਮਦਨ ਲੈ ਸਕਦਾ ਹੈ। ਅਸੀਂ ਵੇਖਦੇ ਹਾਂ ਕਿ ਸੜਕਾਂ ਨੇੜੇ ਲਗਾਏ ਗਏ ਅਮਰੂਦਾਂ ਦੇ ਬਾਗ ਜ਼ਿਆਦਾ ਆਮਦਨ ਦਿੰਦੇ ਹਨ ਕਿਉਂਕਿ ਸੜਕ ਕਿਨਾਰੇ ਬਾਗ ਵਿੱਚੋਂ ਤੋੜੇ ਗਏ ਅਮਰੂਦ ਸਿੱਧਾ ਹੀ ਖ਼ਪਤਕਾਰ ਨੂੰ ਵੇਚ ਕੇ ਦੁੱਗਣੀ ਆਮਦਨ ਹੋ ਜਾਂਦੀ ਹੈ।

ਅਮਰੂਦਾਂ ਦੇ ਬਾਗਾਂ ਵਿੱਚ ਪੰਜ ਸਾਲ ਦਾ ਬੂਟਾ ਸਾਲਾਨਾ ਡੇਢ ਕੁਇੰਟਲ ਫਲ ਦੇ ਸਕਦਾ ਹੈ। ਜਿਸ ਦੀ ਘੱਟੋ-ਘੱਟ ਕੀਮਤ ਅਸੀਂ ਤਿੰਨ ਹਜ਼ਾਰ ਰੁਪਏ ਲਾ ਸਕਦੇ ਹਾਂ। ਇਸੇ ਹਿਸਾਬ ਨਾਲ ਜੇਕਰ ਪ੍ਰਤੀ ਏਕੜ ਵਿੱਚ 125 ਬੂਟੇ ਵੀ ਵਧੀਆ ਫਲ ਦੇਣ ਵਾਲੇ ਹੋਣ ਤਾਂ ਕਿਸਾਨ ਆਪਣੇ ਆਪ ਹਿਸਾਬ ਲਗਾ ਸਕਦੇ ਹਨ ਕਿ ਕਣਕ/ਝੋਨੇ ਦੇ ਮੁਕਾਬਲੇ ਅਮਰੂਦ ਦਾ ਬਾਗ ਕਿੰਨੀ ਕਮਾਈ ਦੇ ਰਿਹਾ ਹੈ ਅਤੇ ਮਿਹਨਤ ਵੀ ਫ਼ਸਲਾਂ ਦੇ ਮੁਕਾਬਲੇ ਘੱਟ ਕਰਨੀ ਪੈਂਦੀ। ਪਾਣੀ ਦੀ ਬਚਤ ਹੋਣ ਦੇ ਨਾਲ ਹਰਿਆਵਲ ਹੋਣ ਕਰ ਕੇ ਸਾਡਾ ਵਾਤਾਵਰਨ ਵੀ ਸ਼ੁੱਧ ਰਹਿੰਦਾ ਹੈ।

ਕਿਸਾਨ ਸਬਸਿਡੀ ਦਾ ਲਾਹਾ ਲੈਣ ਸ਼ਹਿਦ ਦੀਆਂ ਮੱਖੀਆਂ ਪਾਲਣ ਵਾਲੇ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਵਲੋਂ 50 ਸ਼ਹਿਦ ਦੇ ਬਕਸੇ ਖ਼ਰੀਦਣ 'ਤੇ 80 ਹਜ਼ਾਰ ਰੁਪਏ



ਸਬਸਿਡੀ ਦਿੱਤੀ ਜਾਂਦੀ ਹੈ। ਜਦੋਂਕਿ ਦੋ ਏਕੜ ਅਮਰੂਦਾਂ ਦਾ ਨਵਾਂ ਬਾਗ ਲਗਾਉਣ ਲਈ 28 ਹਜ਼ਾਰ ਰੁਪਏ ਦੇ ਕਰੀਬ ਸਬਸਿਡੀ ਦਿੱਤੀ ਜਾ ਰਹੀ ਹੈ। ਬਾਗ ਨੂੰ ਮੁੜ ਸੁਰਜੀਤ ਕਰਨ ਲਈ ਦੋ ਹੈਕਟੇਅਰ 'ਤੇ 40 ਹਜ਼ਾਰ ਰੁਪਏ ਦਿੱਤੇ ਜਾ ਰਹੇ ਹਨ। ਬਾਗਾਂ ਦੀ ਸਾਂਭ ਸੰਭਾਲ ਲਈ 4 ਹੈਕਟੇਅਰ ਦੇ ਬਾਗ 'ਤੇ ਤਕਰੀਬਨ 15 ਹਜ਼ਾਰ ਰੁਪਏ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਕਿਸਾਨ ਹੋਰਨਾਂ ਫ਼ਸਲਾਂ ਦੇ ਨਾਲ ਇਕ ਦੋ ਏਕੜ ਰਕਬੇ ਵਿੱਚ ਅਮਰੂਦ ਦੇ ਬਾਗ ਲਗਾ ਕੇ ਬਾਗਬਾਨੀ ਵਿਭਾਗ ਕੋਲੋਂ ਆਰਥਿਕ ਮਦਦ ਲੈ ਸਕਦੇ ਹਨ ਅਤੇ ਆਪਣੀ ਆਮਦਨ ਵਿਚ ਵੀ ਵਾਧਾ ਕਰ ਸਕਦੇ ਹਨ।

## ਬਾਗ ਵਿੱਚ ਸ਼ਹਿਦ ਦੀਆਂ ਮੱਖੀਆਂ ਦੇ ਬਕਸੇ

ਅਮਰੂਦਾਂ ਦੇ ਬਾਗ ਅੰਦਰ ਵੇਲ੍ਹਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਜਿਨ੍ਹਾਂ ਵਿੱਚ ਕੱਦੂ, ਖੀਰਾ, ਤੋਰੀ,




ਕਰੇਲੇ, ਤਰ ਆਦਿ ਸਮੇਤ ਕਈ ਕਿਸਮ ਦੀਆਂ ਵੇਲ੍ਹਾਂ ਵਾਲੀਆਂ ਸਬਜ਼ੀਆਂ ਵੀ ਬੀਜੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਮੰਡੀ ਵਿੱਚ ਵੇਚ ਕੇ ਵੱਖਰੇ ਤੌਰ 'ਤੇ ਆਮਦਨ ਹੋ ਸਕਦੀ ਹੈ। ਬਾਗ ਵਿੱਚ ਲਗਾਈਆਂ ਗਈਆਂ ਵੇਲ੍ਹਾਂ ਦਾ ਧਿਆਨ ਰੱਖਣਾ ਪੈਂਦਾ ਹੈ ਕਿ ਵੇਲ੍ਹ ਅਮਰੂਦ ਦੇ ਬੂਟੇ 'ਤੇ ਨਹੀਂ ਚੜ੍ਹਨੀ ਚਾਹੀਦੀ ਸਗੋਂ ਬਾਗ ਵਿੱਚ ਉੱਗੇ ਹੋਏ ਘਾਹ-ਫੂਸ 'ਤੇ ਹੀ ਫੈਲਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸ਼ਹਿਦ ਦੀਆਂ ਮੱਖੀਆਂ ਦੇ ਬਕਸੇ ਵੀ ਰੱਖੇ ਜਾ ਸਕਦੇ ਹਨ। ਜਿਹੜੇ ਸ਼ਹਿਦ ਦੀ ਪੈਦਾਵਾਰ ਦੇ ਨਾਲ ਹੀ ਅਮਰੂਦ ਦੇ ਬੂਟਿਆਂ 'ਤੇ ਪਰਪਰਾਗਣ ਕਿਰਿਆ ਕਰਕੇ ਫਲਾਂ ਦੇ ਝਾੜ ਵਿਚ ਵੀ ਵਾਧਾ ਕਰਦੇ ਹਨ। ਅਮਰੂਦਾਂ ਦੇ ਬਾਗ ਵਿੱਚ ਰੱਖੇ ਹੋਏ ਬਕਸੇ ਜ਼ਿਆਦਾ ਨਹੀਂ ਤਾਂ ਸਾਲਾਨਾ 20/25 ਕਿਲੋ ਸ਼ਹਿਦ ਦੀ ਪੈਦਾਵਾਰ ਦੇ ਸਕਦੇ ਹਨ ਕਿਉਂਕਿ ਵਪਾਰਕ ਤੌਰ 'ਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਵਾਲੇ ਕਿਸਾਨ ਪ੍ਰਤੀ ਸਾਲ/ਪ੍ਰਤੀ ਬਕਸਾ 40/50 ਕਿਲੋ ਸ਼ਹਿਦ ਦੀ ਪੈਦਾਵਾਰ ਲੈਂਦੇ ਹਨ।

# ਕੁਝ ਗਾਇਕਾਂ ਦੇ ਅੰਗ-ਸੰਗ

ਸਕੂਲ ਵਿੱਚ ਪੜ੍ਹਦਿਆਂ ਮੇਰੀ ਰੁਚੀ ਸਾਹਿਤ ਵਲ ਹੋ ਗਈ ਸੀ। ਪਿੰਡ ਵਿੱਚ ਲਾਇਬ੍ਰੇਰੀ ਬਣਾਈ ਤੇ ਉਦੋਂ ਦੇ ਪ੍ਰਸਿੱਧ ਲੇਖਕਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹੀਆਂ। ਹਰ ਮਹੀਨੇ ਪੰਜ ਕੁ ਰਸਾਲੇ ਵੀ ਆਉਂਦੇ ਸਨ। ਬਚਪਨ ਵਿੱਚ ਹੀ ਸਟੇਜ ਤੇ ਬੋਲਣ ਦਾ ਝਾਕਾ ਖੁਲ੍ਹ ਗਿਆ ਤੇ ਮੈਨੂੰ ਲਿਖਣ ਦਾ ਵੀ ਚਸਕਾ ਪੈ ਗਿਆ। ਪਰ ਮੇਰਾ ਦਾਖਲਾ ਸਰਕਾਰੀ ਖੇਤੀਬਾੜੀ ਕਾਲਜ, ਲੁਧਿਆਣੇ ਹੋ ਗਿਆ। ਸਾਡੇ ਕਾਲਜ ਵਿੱਚ ਦੋ ਸੌ ਤੋਂ ਵੀ ਘਟ ਵਿਦਿਆਰਥੀ ਸਨ। ਸਾਹਿਤ ਵਿੱਚ ਰੁਚੀ ਰੱਖਣ ਵਾਲੇ ਇਥੇ ਘੱਟ ਵਿਦਿਆਰਥੀ ਸਨ। ਇਕ ਅੰਗਰੇਜ਼ੀ ਦੇ ਪ੍ਰੋ. ਹਜ਼ਾਰ ਸਿੰਘ ਸਨ ਤੇ ਹਿੰਦੀ ਪੰਜਾਬੀ ਲਈ ਵੀ ਇਕ ਹੀ ਪ੍ਰੋ. ਵਿਦਿਆ ਭਾਸਕਰ ਅਰੁਣ ਸਨ। ਪਰ ਦੋਵਾਂ ਦਾ ਆਪਣੇ ਵਿਸ਼ਿਆਂ ਵਿੱਚ ਚੋਖਾ ਨਾਮ ਸੀ। ਕਾਲਜ ਵਿੱਚ ਸਪੀਕਰ ਯੂਨੀਅਨ, ਡਰਾਮੈਟਿਕ ਕਲਬ ਅਤੇ ਕਾਲਜ ਮੈਗਜ਼ੀਨ ਵੀ ਸੀ। ਇਨ੍ਹਾਂ ਤਿੰਨਾਂ ਵਿੱਚ ਹੀ ਮੇਰੇ ਪੈਰ ਸਹਿਜੇ ਹੀ ਲੱਗ ਗਏ। ਦੋਵਾਂ ਸੰਸਥਾਵਾਂ ਵਿੱਚ ਮੈਂ ਜਾਇੰਟ ਸੈਕਟਰੀ ਅਤੇ ਪ੍ਰਧਾਨ ਰਿਹਾ। ਕਾਲਜ ਮੈਗਜ਼ੀਨ ਦੇ ਪੰਜਾਬੀ ਸ਼ੈਕਸ਼ਨ ਦੀ ਸੰਪਾਦਕੀ ਵੀ ਕੀਤੀ। ਸਾਡੇ ਕਾਲਜ ਵਿੱਚ ਹਰ ਸਾਲ ਯੂਥ ਫੈਸਟੀਵਲ ਮਨਾਇਆ ਜਾਂਦਾ ਸੀ। ਇਹ ਪ੍ਰੋਗਰਾਮ ਇਕ ਹਫ਼ਤਾ ਚਲਦਾ ਸੀ। ਇਸ ਵਿੱਚ ਡੀਵੇਟ, ਭਾਸ਼ਣ, ਕਵਿਤਾ ਉਚਾਰਣ ਅਤੇ ਨਾਟਕਾਂ ਦੇ ਅੰਤਰ ਕਾਲਜ ਮੁਕਾਬਲੇ ਕਰਵਾਏ ਜਾਂਦੇ ਸਨ। ਦੂਜੇ ਸਾਲ ਤੋਂ ਹੀ ਮੈਨੂੰ ਸਟੇਜ ਸਕੱਤਰ ਦੀ ਜ਼ੁੰਮੇਵਾਰੀ ਦਿੱਤੀ ਜਾਂਦੀ ਸੀ। ਮੈਂ 1958 ਦੇ ਵੇਲੇ ਹੋਈ ਇੱਕ ਘਟਨਾ ਸਾਂਝੀ ਕਰਨੀ ਚਾਹੁੰਦਾ ਸੀ। ਉਸ ਦਿਨ ਗੀਤ ਮੁਕਾਬਲੇ ਚੱਲ ਰਹੇ ਸਨ। ਗੇਟ ਤੇ ਖੜ੍ਹੇ ਚੌਕੀਦਾਰ ਨੇ ਆ ਕੇ ਮੈਨੂੰ ਆਖਿਆ ਕਿ ਬਾਹਰ ਤੁਹਾਨੂੰ ਕੋਈ ਮਿਲਣ ਆਏ ਹਨ। ਮੈਂ ਆਖਿਆ ਹੁਣ ਤਾਂ ਮੇਰਾ ਆਉਣਾ ਔਖਾ ਉਨ੍ਹਾਂ ਨੂੰ ਆਖ ਪ੍ਰੋਗਰਾਮ ਖਤਮ ਹੋਣ ਪਿੱਛੋਂ ਮਿਲਾਂਗੇ।

ਕੁਝ ਦੇਰ ਪਿੱਛੋਂ ਉਹ ਫੇਰ ਆਇਆ ਤੇ ਆਖਣ ਲੱਗਾ ਕਿ ਉਹ ਬਹੁਤ ਜ਼ੋਰ ਪਾ ਰਹੇ ਹਨ ਅਤੇ ਆਖ ਰਹੇ ਹਨ ਕਿ ਉਨ੍ਹਾਂ ਦਾ ਮਿਲਣਾ ਬਹੁਤ ਜ਼ਰੂਰੀ ਹੈ। ਮੇਰਾ ਤੌਖਲਾ ਤਾਂ ਵਧਣਾ ਹੀ ਸੀ। ਮੈਂ ਉਸ ਨੂੰ ਆਖਿਆ ਕਿ ਮੈਂ ਅਗਲਾ ਗੀਤ ਸ਼ੁਰੂ ਕਰਵਾ ਕੇ ਆਉਂਦਾ ਹਾਂ। ਮੈਂ ਬਾਹਰ ਗਿਆ ਤਾਂ ਇੱਕ ਬਿਲਕੁਲ ਸਾਧਾਰਣ ਦਿਖਣ ਵਾਲੀ ਕੁੜੀ ਤੇ ਉਸ ਦੇ ਨਾਲ ਹੀ ਸਾਦੇ ਕਪੜਿਆਂ ਵਿੱਚ ਸਰਦਾਰ ਜੀ ਖੜ੍ਹੇ ਸਨ। ਮੈਂ ਆਖਿਆ ਦੱਸੋ ਕੀ ਗੱਲ। ਸਰਦਾਰ ਜੀ ਆਖਣ ਲਗੇ ਇਹ ਬੀਬੀ ਬਹੁਤ ਸੋਹਣਾ ਗਾਉਂਦੀ ਹੈ ਇਸ ਦਾ ਇਕ ਗੀਤ ਕਰਵਾ ਦੇਵੋ। ਮੇਰਾ ਉਤਰ ਸੀ ਕਿ ਇਹ ਤਾਂ ਕਾਲਜਾਂ ਦਾ ਮੁਕਾਬਲਾ ਚਲ ਰਿਹਾ। ਤੁਹਾਡਾ ਗੀਤ ਕਿਵੇਂ ਹੋ ਸਕਦਾ ਹੈ। ਜਦੋਂ ਉਹ ਬਹੁਤ ਹੀ ਮਿੰਨਤਾਂ ਕਰਨ ਲੱਗੇ ਤਾਂ ਮੈਨੂੰ ਆਖਣਾ ਪਿਆ ਤੁਸੀਂ ਅੰਦਰ ਆ ਕੇ ਬੈਠੋ ਮੈਂ ਆਪਣੇ ਪ੍ਰੋਫੈਸਰ ਨਾਲ ਗੱਲ ਕਰਦਾ ਹਾਂ। ਮੈਂ ਆਪਣੇ ਪ੍ਰੋਫੈਸਰ ਨਾਲ ਗੱਲ ਕੀਤੀ। ਉਹ ਆਖਣ ਲੱਗੇ ਜੇਕਰ ਬਹੁਤ ਜ਼ਰੂਰੀ ਹੈ ਤਾਂ ਜਦੋਂ ਜੱਜ ਫੈਸਲਾ ਤਿਆਰ ਕਰਨਗੇ ਤਾਂ ਉਸ ਨੂੰ ਮੌਕਾ ਦੇ ਦੇਵੀਂ।

ਮੁਕਾਬਲਾ ਖਤਮ ਹੋਣ ਪਿੱਛੋਂ ਮੈਂ ਉਸ ਨੂੰ ਸਟੇਜ ਤੇ ਬੁਲਾਇਆ। ਉਸ ਦਿਨ ਰੌਣਕ ਵੀ ਕੁਝ ਵੱਧ ਸੀ। ਸਾਹਮਣੇ ਖਾਲਸਾ ਕਾਲਜ ਦੇ ਵਿਦਿਆਰਥੀ ਵੀ ਆਏ ਹੋਏ ਸਨ। ਮੁੰਡਿਆਂ ਨੇ ਹੂਟਿੰਗ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋਂ ਕੁੜੀ ਨੇ ਲੰਬੀ ਹੇਕ ਲਾਈ ਪੰਡਾਲ ਵਿੱਚ ਸੰਨਾਟਾ ਛਾ ਗਿਆ। ਇਕ ਗੀਤ ਖਤਮ ਹੋਇਆ ਤਾਂ ਅਵਾਜ਼ਾਂ ਆਉਣ ਲੱਗੀਆਂ ਇੱਕ ਹੋਰ ਇੰਝ ਉਸ ਤਿੰਨ ਗੀਤ ਗਾਏ। ਉਨ੍ਹਾਂ ਦੋਵਾਂ ਨੇ ਮੇਰਾ ਤੇ ਮੇਰੇ ਪ੍ਰੋਫੈਸਰ ਦਾ ਮੌਕਾ ਦੇਣ ਦਾ ਧੰਨਵਾਦ


ਡਾ. ਰਣਜੀਤ ਸਿੰਘ

ਕੀਤਾ। ਪਿੱਛੋਂ ਉਹ ਪੰਜਾਬੀ ਦੀ ਚੋਟੀ ਦੀ ਗਾਇਕਾ ਪ੍ਰਸਿੱਧ ਹੋਈ।

ਦੂਜੇ ਗਾਇਕ ਸਨ ਕਿ ਦੀਪ ਉਦੋਂ ਅਜੇ ਉਹ ਜਦੋ-ਜਹਿਦ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਉਹ ਕਈ ਗਾਇਕਾਂ ਤੇ ਜਾਨਵਰਾਂ ਦੀਆਂ ਅਵਾਜ਼ਾਂ ਕੱਢ ਸਕਦਾ ਸੀ। ਇਸੇ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਦਾ ਸੀ। ਸਾਡੇ ਕਾਲਜ ਵਿੱਚ ਸੁਰਿੰਦਰ ਦੁਸਾਂਝ ਪੰਜਾਬੀ ਦੇ ਅਧਿਆਪਕ ਬਣ ਕੇ ਆਏ ਸਨ। ਸਾਹਿਤ ਵਿੱਚ ਰੁਚੀ ਹੋਣ ਕਰਕੇ ਉਸ ਨਾਲ ਦੋਸਤੀ ਹੋ ਗਈ। ਇੱਕ ਦਿਨ ਆਖਣ ਲੱਗਾ ਚਲ ਤੈਨੂੰ ਇਕ ਨਵੇਂ ਤੇ ਵਧੀਆ ਕਲਾਕਾਰ ਨਾਲ ਮਿਲਾ ਕੇ ਲਿਆਵਾਂ। ਅਸੀਂ ਦੀਪ ਦੇ ਘਰ ਮਿਲਰਗੰਜ ਪੁੱਜੇ। ਉਸ ਸਾਡਾ ਖਿੜੇ ਮੱਥੇ ਸਵਾਗਤ ਕੀਤਾ ਗੱਲਾਂ ਕਰਦੇ ਉਹ ਦੋਵੇਂ ਭਾਵੁਕ ਹੋ ਗਏ। ਜਾਪਦਾ ਸੀ ਦੋਵੇਂ ਇਸ਼ਕ ਦੇ ਮਰੀਜ਼ ਸਨ। ਦੁਸਾਂਝ ਮੈਨੂੰ ਆਖਣ ਲਗਾ ਆਪਾਂ ਨੇ ਦੀਪਾ ਨੂੰ ਪ੍ਰਮੋਟ ਕਰਨਾ ਹੈ। ਮੈਂ ਆਖਿਆ ਅਗਲੇ ਹਫ਼ਤੇ ਸਾਡੇ ਹੋਸਟਲ ਦਾ ਵਾਰਸ਼ਿਕ ਸਮਾਗਮ ਹੈ। ਤੁਸੀਂ ਜ਼ਰੂਰ ਆਉਣਾ। ਇਹ ਆਪਣੀ ਕਿਸਮ ਦਾ ਨਿਵੇਕਲਾ ਸਮਾਗਮ ਸੀ। ਸਮਾਗਮ ਦੇ ਨਾਲ ਰਾਤ ਦੇ ਖਾਣੇ ਦਾ ਵੀ ਪ੍ਰਬੰਧ ਸੀ। ਅਸੀਂ ਕਾਲਜ ਦੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਪਰਿਵਾਰ ਸਮੇਤ ਸੱਦਾ ਦਿੱਤਾ ਸੀ ਹਰੇਕ ਮੇਜ਼ ਉਤੇ ਉਨ੍ਹਾਂ ਦੇ ਨਾਲ ਦੋ ਵਿਦਿਆਰਥੀਆਂ ਨੇ ਵੀ ਬੈਠਣਾ ਸੀ। ਸਾਰੇ ਆਖਿਆ ਇਕੱਲੇ ਦੀਪ ਨਾਲ ਗੱਲ ਨਹੀਂ ਬਣਨੀ ਇੱਕ ਹੋਰ ਗਾਇਕ ਦਾ ਪ੍ਰਬੰਧ ਕਰੋ। ਕੁਦਰਤੀ ਮੈਨੂੰ ਹਰਚਰਨ ਗਰੇਵਾਲ ਜਾਣਦਾ ਸੀ। ਕਿਉਂਕਿ ਮੁੜ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਕੁਝ ਸਮਾਂ ਖੇਤੀ ਵਿਕਾਸ ਅਫ਼ਸਰ ਦੇ ਤੌਰ ਤੇ ਕੰਮ ਕੀਤਾ ਸੀ। ਉਸ ਦਾ ਪਿੰਡ ਜਮਾਲਪੁਰ ਕੁਲੀਏਵਾਲ ਮੇਰੇ ਹਲਕੇ ਵਿੱਚ ਪੈਂਦਾ ਸੀ। ਇਸੇ ਪਿੰਡ ਦੇ ਅਗਾਂਹਵਧੂ ਕਿਸਾਨ ਕਾਮਰੇਡ ਜਗਜੀਤ ਸਿੰਘ ਸਾਡੀ ਪੰਚਾਇਤ ਸੰਮਤੀ ਦੇ ਚੇਅਰਮੈਨ ਸਨ। ਗਿਆਨੀ ਅਰਜਨ ਸਿੰਘ ਹੋਰਾਂ ਦੇ ਪੁੱਤਰ ਪਿੰਡ ਦਾ ਸਰਪੰਚ ਸੀ। ਉਨ੍ਹਾਂ ਰਾਹੀਂ ਹੀ ਗਰੇਵਾਲ ਨਾਲ ਜਾਣ ਪਹਿਚਾਣ ਹੋਈ ਸੀ। ਉਨ੍ਹਾਂ ਨਾਲ ਸੰਪਰਕ ਕੀਤਾ ਤਾਂ ਉਸ ਆਖਿਆ ਮੈਂ ਆ ਜਾਵਾਂਗਾ। ਸਾਡੀ ਬੇਨਤੀ ਸੀ ਕਿ ਨਾਲ ਰਜਿੰਦਰ ਰਾਜਾ ਨੂੰ ਜ਼ਰੂਰ ਲੈ ਕੇ ਆਉਣਾ। ਉਹ ਠੀਕ ਸਮੇਂ ਉਸਤਾਦ ਜਸਵੰਤ ਸਿੰਘ ਭੰਵਰਾ ਦੇ ਨਾਲ ਪਹੁੰਚ ਗਏ। ਇੱਥੇ ਦਸਣਾ ਮੁਨਾਸਿਬ ਹੋਵੇਗਾ ਕਿ ਉਸ ਦੌਰ ਦੇ ਲਗਭਗ ਸਾਰੇ ਗਾਇਕ ਭੰਵਰਾ ਜੀ ਦੇ ਹੀ ਸ਼ਾਗਿਰਦ ਸਨ। ਭੰਵਰਾ ਜੀ ਜ਼ਮੀਨ ਤੇ ਬੈਠ ਹਰਮੋਨੀਅਮ ਬਜਾਉਣ ਲੱਗੇ ਨਾਲ ਢੋਲਕ ਵਾਲਾ ਸੀ। ਗਰੇਵਾਲ ਤੇ ਰਾਜਨ ਮਾਈਕ ਤੇ ਖੜ੍ਹੇ ਹੋ ਕੇ ਗਾਣੇ ਗਾ ਰਹੇ ਸਨ। ਹੁਣ ਵਾਂਗ ਸ਼ੋਰਸ਼ਰਾਬਾ ਤੇ ਨਚਣ ਟਪਣ ਨਹੀਂ ਸੀ। ਉਨ੍ਹਾਂ ਖੂਬ ਰੰਗ ਬੰਨ੍ਹਿਆ। ਕੇ ਦੀਪ ਨੂੰ ਵੀ ਭਰਵੀਂ ਦਾਦ ਮਿਲੀ। ਦੂਜੇ ਹੋਸਟਲਾਂ ਦੇ ਮੁੰਡੇ ਵੀ ਵੱਡੀ ਗਿਣਤੀ ਵਿੱਚ ਆ ਗਏ ਸਨ। ਸਾਨੂੰ ਸ਼ੋਰ ਸ਼ਰਾਬੇ ਦਾ ਡਰ ਸੀ ਪਰ ਪ੍ਰੋਗਰਾਮ ਇਤਨਾ ਵਧੀਆ ਸੀ ਕਿ ਸਾਰਾ ਕੁਝ ਸੁਖ ਸਬੀਲੀ ਸਿਰੇ ਚੜ੍ਹ ਗਿਆ। ਉਸ ਪਿੱਛੋਂ ਕੇ ਦੀਪ ਨਾਲ ਦੋਸਤੀ ਹੋ ਗਈ। ਮੈਂ ਉਸ ਦੇ ਕਈ ਪ੍ਰੋਗਰਾਮ ਹੋਸਟ ਕੀਤੇ। ਮੈਂ 1980 ਵਿੱਚ ਕੈਨੇਡਾ ਗਿਆ ਤਾਂ ਵੈਨਕੂਵਰ ਵਿਖੇ ਫਿਰ ਮੁਲਾਕਾਤ ਹੋ ਗਈ। ਉਸ ਮੈਨੂੰ ਦੂਜੇ ਸ਼ਹਿਰਾਂ ਵਿੱਚ ਵੀ ਨਾਲ ਜਾਣ ਲਈ ਆਖਿਆ ਪਰ ਆਪਣੇ ਪ੍ਰੋਗਰਾਮ ਦੀ ਬੰਦਿਸ਼ ਕਰਕੇ ਅਜੇਹਾ ਨਹੀਂ ਹੋ ਸਕਿਆ।

ਤੀਜੇ ਗਾਇਕ ਉਸਤਾਦ ਜਮਲਾ ਜੱਟ ਹੋਰੀਂ ਸਨ। ਅਸੀਂ ਕਿਸਾਨ ਮੇਲੇ ਸਮੇਂ ਸ਼ਾਮ ਨੂੰ ਮਨੋਰੰਜਨ ਪ੍ਰੋਗਰਾਮ ਕਰਦੇ ਸਾਂ। ਇਸ ਬਾਰੇ ਫਿਰ ਕਦੇ ਲਿਖਾਂਗਾ। ਪ੍ਰੋਗਰਾਮ ਚੱਲ ਰਿਹਾ ਸੀ। ਵੀ ਸੀ ਸਾਹਿਬ ਡਾ. ਸੁਖਦੇਵ ਸਿੰਘ ਹਾਜ਼ਰ ਸਨ। ਉਨ੍ਹਾਂ ਦੇ ਰਖਿਅਕ ਨੇ ਆ ਕੇ ਮੈਨੂੰ ਕਿਹਾ ਕਿ ਬਾਹਰ ਕੋਈ ਤੁਹਾਨੂੰ ਮਿਲਣ ਆਇਆ ਹੈ। ਮੈਂ ਅਗਲਾ ਆਈਟਮ ਸ਼ੁਰੂ ਕਰਵਾ ਕੇ ਬਾਹਰ ਗਿਆ ਤਾਂ ਅੱਗੇ ਉਸਤਾਦ ਜਮਲਾ ਜੀ ਖੜ੍ਹੇ ਸਨ। ਮੈਂ ਆਖਿਆ ਉਸਤਾਦ ਜੀ ਤੁਸੀਂ ਇੱਥੇ ਕਿਵੇਂ। ਉਹ ਆਖਣ ਲੱਗੇ ਡਾਕਟਰ ਸਾਹਿਬ ਮੇਰੇ ਵੀ ਦੋ ਗੀਤ ਕਰਵਾ ਦੇਵੋ। ਉਦੋਂ ਨਵੇਂ ਗਾਇਕਾਂ ਦੇ ਆਉਣ ਕਰਕੇ ਜਮਲਾ ਜੀ ਦੀ ਮੰਗ ਢਿੱਲੀ ਪੈ ਗਈ ਸੀ। ਮੈਂ ਆਖਿਆ ਤੁਸੀਂ ਇੱਥੇ ਹੀ ਰੁਕੋ ਮੈਂ ਆਪਣੇ ਵੀ ਸੀ ਸਾਹਿਬ ਨਾਲ ਗੱਲ ਕਰਕੇ ਆਉਂਦਾ ਹਾਂ। ਮੈਂ ਵੀ ਸੀ ਸਾਹਿਬ ਨੂੰ ਦੱਸਿਆ। ਉਹ ਆਮ ਤੌਰ ਉਤੇ ਮੇਰੀ ਗਲ ਮੋੜਦੇ ਨਹੀਂ ਸਨ। ਆਖਣ ਲੱਗੇ, ''ਜਿਵੇਂ ਤੈਨੂੰ ਠੀਕ ਲਗਦਾ ਉਵੇਂ ਕਰ ਲੈ''। ਮੈਂ ਜਮਲਾ ਜੀ ਨੂੰ ਆਖਿਆ ਕਿ ਤੁਸੀਂ ਸਟੇਜ ਦੇ ਲਾਗੇ ਆ ਜਾਵੋ। ਮੈਨੂੰ ਪਤਾ ਸੀ ਪਿੰਡਾਂ ਦੇ ਲੋਕਾਂ ਵਿੱਚ ਅਜੇ ਵੀ ਜਮਲਾ ਜੀ ਮਕਬੂਲ ਹਨ। ਮੈਂ ਥੋੜੀ ਜਿਹੀ ਹਵਾ ਬੰਨ੍ਹ ਕੇ ਉਨ੍ਹਾਂ ਨੂੰ ਸਟੇਜ ਤੇ ਬੁਲਾਇਆ। ਸਾਰਿਆਂ ਨੇ ਤਾੜੀਆਂ ਮਾਰ ਸਵਾਗਤ ਕੀਤਾ। ਜਮਲਾ ਜੀ ਨੇ ਇਕ ਨਹੀਂ ਸਗੋਂ ਤਿੰਨ ਗੀਤ ਸੁਣਾਏ। ਪੰਡਾਲ ਵਿੱਚ ਕਿਸਾਨ ਉਨ੍ਹਾਂ ਨੂੰ ਪੈਸੇ ਦੇਣ ਲਗ ਪਏ। ਜਿਤਨੇ ਪੈਸੇ ਅਸੀਂ ਗਾਇਕ ਨੂੰ ਦੇਣੇ ਸਨ ਜਮਲਾ ਜੀ ਨੂੰ ਉਸ ਤੋਂ ਵੀ ਵੱਧ ਪੈਸੇ ਬਣ ਗਏ। ਉਹ ਬਹੁਤ ਖੁਸ਼ ਸਨ ਤੇ ਧੰਨਵਾਦ ਦੇ ਸ਼ਬਦ ਆਖਦੇ ਹੋਏ ਉੱਥੋਂ ਗਏ। ਇੰਝ ਮੈਨੂੰ ਤਿੰਨ ਮਹਾਨ ਕਲਾਕਾਰਾਂ ਦੇ ਔਖੇ ਵੇਲੇ ਨਾਲ ਖੜ੍ਹੇ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਬਾਕੀ ਸਫਾ 3 ਦੀ

# ਝੋਨੇ ਦੀ ਫ਼ਸਲ ਨੂੰ ਮੁੱਖ ਬਿਮਾਰੀਆਂ ਤੋਂ ਕਿਵੇਂ ਬਚਾਇਆ ਜਾਵੇ

ਖਾਦ ਦੀ ਸਿਫ਼ਾਰਸ਼ ਤੋਂ ਜ਼ਿਆਦਾ ਵਰਤੋਂ ਕੀਤੀ ਜਾਵੇ ਤਾਂ ਇਸ ਦਾ ਹੱਲਾ ਵਧੇਰੇ ਹੋ ਜਾਂਦਾ ਹੈ। ਜੇਕਰ ਫ਼ਸਲ ਨਿਸਰਣ ਸਮੇਂ ਮੀਂਹ, ਬੱਦਲਵਾਈ ਤੇ ਵਧੇਰੇ ਸਿੱਲ ਰਹੇ ਤਾਂ ਇਹ ਬਿਮਾਰੀ ਜ਼ਿਆਦਾ ਲੱਗਦੀ ਹੈ ਪਰ ਜੇਕਰ ਇਸ ਸਮੇਂ ਮੌਸਮ ਖੁਸ਼ਕ ਰਹੇ ਤਾਂ ਇਸ ਬਿਮਾਰੀ ਦਾ ਵਾਧਾ ਘੱਟ ਹੁੰਦਾ



ਹੈ। ਇਹ ਬਿਮਾਰੀ ਬੀਜ ਰਾਹੀਂ ਨਹੀਂ ਆਉਂਦੀ ਸਗੋਂ ਮਿੱਟੀ ਵਿੱਚ ਡਿੱਗੇ ਉੱਲੀ ਦੇ ਗੋਲਿਆਂ ਤੋਂ ਸ਼ੁਰੂ ਹੁੰਦੀ ਹੈ।

ਝੋਨੇ ਦੀਆਂ ਪ੍ਰਚਲਿਤ ਕਿਸਮਾਂ ਵਿੱਚ ਇਸ ਬਿਮਾਰੀ ਪ੍ਰਤੀ ਸਹਿਣਸ਼ੀਲਤਾ ਨਾ ਹੋਣ ਕਰਕੇ ਇਸ ਬਿਮਾਰੀ ਨੂੰ ਰੋਕਣ ਲਈ ਸਮੇਂ ਸਿਰ ਲੋੜੀਂਦੇ ਉਪਰਾਲੇ ਕਰਨੇ ਚਾਹੀਦੇ ਹਨ। ਫ਼ਸਲ ਵਿੱਚ ਸਿਫ਼ਾਰਸ਼ ਤੋਂ ਜ਼ਿਆਦਾ ਨਾਈਟ੍ਰੋਜਨ ਖਾਦ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉੱਲੀਨਾਸ਼ਕਾਂ ਦਾ ਛਿੜਕਾਅ ਵੀ ਸਮੇਂ ਸਿਰ ਕਰਨਾ ਚਾਹੀਦਾ ਹੈ। ਜਿਸ ਇਲਾਕੇ ਵਿੱਚ ਬਿਮਾਰੀ ਆਉਂਦੀ ਹੋਵੇ, ਉੱਥੇ ਫ਼ਸਲ ਉੱਤੇ ਗੈਲੇਲਿਓ ਵੇਅ 18.76 ਐੱਸ ਸੀ (ਪਾਇਕੋਕਸੀਸਟ੍ਰੋਬਿਨ + ਪ੍ਰੋਪੀਕੋਨਜ਼ੋਲ) 400 ਮਿ. ਲਿ. ਜਾਂ ਕੋਸਾਈਡ 46 ਡੀ ਐੱਫ (ਕਾਪਰ ਹਾਈਡਰੋਆਕਸਾਈਡ) 500 ਗ੍ਰਾਮ ਪ੍ਰਤੀ ਏਕੜ 200 ਲਿਟਰ ਪਾਣੀ ਵਿਚ ਘੋਲ ਕੇ ਫ਼ਸਲ ਦੀ ਗੋਭ ਅਵਸਥਾ ਸਮੇਂ ਛਿੜਕੋ।

**4. ਬਾਸਮਤੀ ਦਾ ਪੈਰ ਗਲ੍ਹਣ ਦਾ ਰੋਗ (ਫੁੱਟ ਰੌਟ)** : ਇਹ ਇੱਕ ਉੱਲੀ ਦੀ ਬਿਮਾਰੀ ਹੈ ਜੋ ਬਾਸਮਤੀ ਕਿਸਮਾਂ ਉੱਪਰ ਵਧੇਰੇ ਹਮਲਾ ਕਰਦੀ ਹੈ। ਇਸ ਰੋਗ ਨਾਲ ਪ੍ਰਭਾਵਿਤ ਬੂਟੇ ਪਨੀਰੀ ਵਿਚ ਅਤੇ ਖੇਤਾਂ ਵਿੱਚ ਉੱਚੇ ਲੰਬੇ ਹੋ ਜਾਂਦੇ ਹਨ। ਇਨ੍ਹਾਂ ਲੱਛਣਾਂ ਕਾਰਨ ਇਸ ਰੋਗ ਨੂੰ ''ਝੋਨੇ ਨੂੰ ਮੂਰਖਾਂ ਵਾਂਗ ਵੱਧਣ ਵਾਲੀ'' ਬਿਮਾਰੀ ਦਾ ਨਾਂ ਵੀ ਦਿੱਤਾ ਗਿਆ ਹੈ। ਰੋਗੀ ਬੂਟੇ ਸਿਹਤਮੰਦ ਬੂਟਿਆਂ ਨਾਲੋਂ ਪੀਲੇ, ਪਤਲੇ ਤੇ ਲੰਮੇ ਹੁੰਦੇ ਹਨ। ਅਜਿਹੇ ਬੂਟੇ ਥੱਲੇ ਤੋਂ ਉੱਪਰ ਤੱਕ ਮੁਰਝਾ ਕੇ ਸੁੱਕ ਜਾਂਦੇ ਹਨ। ਜਿਹੜੇ ਬੂਟੇ ਪਨੀਰੀ ਸਮੇਂ ਬਚ ਜਾਂਦੇ ਹਨ ਉਹ ਖੇਤਾਂ ਵਿੱਚ ਲਗਾਉਣ ਤੋਂ ਬਾਅਦ ਮਰ ਜਾਂਦੇ ਹਨ। ਇਸ ਤੋਂ ਇਲਾਵਾ ਰੋਗੀ ਬੂਟਿਆਂ ਤੇ ਫੁੱਲ ਵੀ ਛੇਤੀ ਨਿਕਲ ਆਉਂਦੇ ਹਨ। ਬਿਮਾਰ ਬੂਟਿਆਂ ਦੇ ਹੇਠਾਂ ਦੀਆਂ 2 ਜਾਂ 3 ਪੋਰੀਆਂ ਤੋਂ ਜੜ੍ਹਾਂ ਵੀ ਨਿਕਲ ਆਉਂਦੀਆਂ ਹਨ। ਬੂਟਿਆਂ ਦੇ ਹੇਠਲੇ ਪਾਸੇ ਹਲਕੇ ਗੁਲਾਬੀ ਰੰਗ ਦੀ ਉੱਲੀ ਵੀ ਵੇਖੀ ਜਾ ਸਕਦੀ ਹੈ। ਆਮ ਤੌਰ ਤੇ ਬਿਮਾਰੀ ਵਾਲਾ ਬੂਟਾ ਨਿਸਰਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ ਜਾਂ ਕਈ ਵਾਰ ਨਿਸਰ ਤਾਂ ਜਾਂਦਾ ਹੈ ਪਰ ਦਾਣੇ ਨਹੀਂ ਬਣਦੇ।

ਇਸ ਤੋਂ ਬਚਾਅ ਲਈ ਰੋਗ ਰਹਿਤ ਬੀਜ ਦੀ ਵਰਤੋਂ ਕਰੋ ਅਤੇ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ ਹਮੇਸ਼ਾ ਕਰੋ। ਸੋਧ ਕਰਨ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਯੂ ਐੱਸ (ਮੈਨਕੋਜ਼ੇਬ + ਕਾਰਬੈਂਡਾਜ਼ਿਮ) ਨੂੰ 10-12 ਮਿ.ਲਿ. ਪਾਣੀ ਵਿੱਚ ਘੋਲ ਕੇ ਪ੍ਰਤੀ ਕਿੱਲੋ ਬੀਜ (8 ਕਿਲੋ ਬੀਜ ਲਈ 24 ਗ੍ਰਾਮ ਉੱਲੀਨਾਸ਼ਕ 80-100 ਮਿ.ਲੀ. ਪਾਣੀ ਵਿੱਚ ਘੋਲ ਕੇ) ਨਾਲ ਸੋਧੋ ਜਾਂ ਟਰਾਈਕੋਡਰਮਾ ਹਾਰਜ਼ੀਐਨਮ 15 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਟਰਾਈਕੋਡਰਮਾ ਹਾਰਜ਼ੀਐਨਮ 15 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ 6 ਘੰਟੇ ਲਈ ਡੁਬੋ ਲਵੋ। ਬਿਮਾਰੀ ਵਾਲੇ ਬੂਟਿਆਂ ਨੂੰ ਪਨੀਰੀ ਵਿੱਚੋਂ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।

**5. ਬਲਾਸਟ (ਭੁਰੜ ਰੋਗ)** : ਪੱਤਿਆਂ ਤੇ ਤਕੱਲਿਆਂ ਵਰਗੇ ਧੱਬੇ ਪੈ



ਜਾਂਦੇ ਹਨ, ਜਿਹੜੇ ਵਿਚਕਾਰੋਂ ਆਮ ਤੌਰ ਤੇ ਸਲੇਟੀ ਰੰਗ ਦੇ ਹੁੰਦੇ ਹਨ ਅਤੇ ਕਿਨਾਰਿਆਂ ਤੋਂ ਭੂਰੇ ਰੰਗ ਦੇ ਹੁੰਦੇ ਹਨ। ਧੱਬਿਆਂ ਦੀਆਂ ਨੋਕਾਂ ਲੰਮੀਆਂ ਹੋ ਜਾਂਦੀਆਂ ਹਨ। ਬਿਮਾਰੀ ਆਮ ਤੌਰ ਤੇ ਫ਼ਸਲ ਦਾ ਪੂਰਾ ਜਾੜ੍ਹ ਮਾਰਨ ਸਮੇਂ ਸ਼ੁਰੂ ਹੁੰਦੀ ਹੈ। ਪੰਜਾਬ ਵਿੱਚ ਬਿਮਾਰੀ ਦਾ ਜ਼ਿਆਦਾ ਹਮਲਾ ਬਾਸਮਤੀ ਕਿਸਮਾਂ ਉੱਤੇ ਬਹੁਤ ਹੁੰਦਾ ਹੈ। ਗੰਭੀਰ ਹਾਲਤਾਂ ਵਿੱਚ ਬਿਮਾਰੀ ਸਿੱਟੇ ਦੀ ਧੌਣ ਉੱਤੇ ਵੀ ਹਮਲਾ ਕਰ ਦਿੰਦੀ ਹੈ, ਜਿਸ ਨਾਲ ਸਿੱਟੇ ਲਮਕ ਜਾਂਦੇ ਹਨ ਅਤੇ ਝਾੜ ਘੱਟ ਜਾਂਦਾ ਹੈ।

**ਐਡਹਾਕ ਅਤੇ ਤਰਕਹੀਣ ਨੀਤੀਆਂ ਨੇ ਪੰਜਾਬ ਨੂੰ ਅਜਿਹੇ ਹਾਲਾਤ ਵਿੱਚ ਪਟਕਾ ਮਾਰਿਆ ਹੈ ਜਿੱਥੋਂ ਪੁਖਤਾ ਨੀਤੀਆਂ ਤੋਂ ਬਿਨਾਂ ਬਾਹਰ ਨਿਕਲਣਾ ਅਸੰਭਵ ਹੈ। ਰਾਜਸੀ ਪਾਰਟੀਆਂ ਨੂੰ ਵੀ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਹੋਂਦ ਵੀ ਪੰਜਾਬ ਦੀ ਹੋਂਦ ਨਾਲ ਬੱਝੀ ਹੋਈ ਹੈ।**



# ਲੈਂਡ ਪੂਲਿੰਗ ਬਾਰੇ ਫ਼ੈਸਲਾ : ਦੇਰ ਆਇਦ ਦਰੁਸਦ ਆਇਦ

ਪੰਜਾਬ ਸਰਕਾਰ ਦਾ ਲੈਂਡ ਪੂਲਿੰਗ ਪਾਲਿਸੀ 'ਤੇ ਯੂ-ਟਰਨ ਭਾਵੇਂ ਠੀਕ ਫ਼ੈਸਲਾ ਹੈ ਪਰ ਇਸ ਨੇ ਇੱਕ ਵਾਰ ਫਿਰ ਸਿੱਧ ਕਰ ਦਿੱਤਾ ਕਿ ਸਰਕਾਰਾਂ ਅਕਸਰ ਬਹੁਤੇ ਫ਼ੈਸਲੇ ਬੇਲੋੜੀ ਕਾਹਲ ਅਤੇ ਤਰਕਹੀਣ ਆਧਾਰ 'ਤੇ ਕਰਦੀਆਂ ਹਨ। ਕਾਹਲੀ ਮੁੱਖ ਤੌਰ 'ਤੇ ਹੋਰ ਕਾਰਨਾਂ ਤੋਂ ਇਲਾਵਾ, ਸਿਆਸੀ ਲਾਹਾ ਲੈਣ ਦੀ ਹੁੰਦੀ ਹੈ ਪਰ ਕਾਹਲ ਵਿੱਚ ਕੀਤੇ ਬਹੁਤੇ ਫ਼ੈਸਲੇ ਅਕਸਰ ਤਰਕਹੀਣ ਸਿੱਧ ਹੁੰਦੇ ਹਨ, ਜਿਵੇਂ ਲੈਂਡ ਪੂਲਿੰਗ ਪਾਲਿਸੀ ਵਾਲਾ ਫ਼ੈਸਲਾ। ਇਸ ਤੋਂ ਪਹਿਲੀ ਸਰਕਾਰ ਨੇ ਵੀ ਉਚੇਰੀ ਸਿੱਖਿਆ ਵਿੱਚ 1091 ਸਹਾਇਕ ਪ੍ਰੋਫ਼ੈਸਰ ਅਤੇ 67 ਸਹਾਇਕ ਲਾਇਬ੍ਰੇਰੀਅਨ ਭਰਤੀ ਕਰਨ ਦਾ ਫ਼ੈਸਲਾ ਵੀ ਕਾਹਲੀ ਵਿੱਚ ਕੀਤਾ ਸੀ ਅਤੇ ਇਸ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਨੇ 1158 ਉੱਚ ਸਿੱਖਿਆ ਪ੍ਰਾਪਤ ਯੋਗ ਵਿਅਕਤੀਆਂ ਨੂੰ ਬਿਨਾਂ ਕਿਸੇ ਕਸੂਰ ਦੇ ਆਰਥਿਕ ਸੰਕਟ ਵੱਲ ਧੱਕ ਦਿੱਤਾ; ਇਨ੍ਹਾਂ ਨੂੰ ਹੁਣ ਨੌਕਰੀ ਖੁੱਸਣ ਵਰਗੀ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਰੇ ਘਰਾਂ ਨੂੰ ਅਤੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦੇ ਫ਼ੈਸਲੇ ਪਿੱਛੇ ਵੀ ਕੋਈ ਤੱਥ ਆਧਾਰਿਤ ਅਤੇ ਲੋੜ ਆਧਾਰਿਤ ਤਰਕ ਨਹੀਂ ਦੱਸਿਆ ਗਿਆ। ਸਾਰੀਆਂ ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਵੀ ਇਸੇ ਤਰ੍ਹਾਂ ਦਾ ਹੀ ਫ਼ੈਸਲਾ ਸੀ। ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਵਿੱਚ ਮੁੱਢਲੀ ਤਨਖ਼ਾਹ 'ਤੇ ਭਰਤੀ ਕਰਨ ਦਾ ਫ਼ੈਸਲਾ ਵੀ ਤਰਕਹੀਣ ਹੀ ਸੀ। ਕੈਪਟਨ ਸਰਕਾਰ ਦਾ ਘਰ-ਘਰ ਨੌਕਰੀ ਦੇਣ ਦਾ ਫ਼ੈਸਲਾ ਵੀ ਫਲਾਪ ਸਿੱਧ ਹੋਇਆ ਕਿਉਂਕਿ ਉਹ ਵੀ ਬਿਨਾਂ ਕਿਸੇ ਪੁਖਤਾ ਨੀਤੀ ਦੇ ਕਾਹਲ ਵਿੱਚ ਕੀਤਾ ਫ਼ੈਸਲਾ ਸੀ। ਇਹ ਕੁਝ ਕੁ ਚੁਣਵੀਆਂ ਮਿਸਾਲਾਂ ਹਨ।

ਤ੍ਰਾਸਦੀ ਇਹ ਹੈ ਕਿ ਪੰਜਾਬ ਵਿੱਚ ਪਿਛਲੇ 35-40 ਸਾਲਾਂ ਤੋਂ ਵਿਕਾਸ ਲਈ ਕੀਤੇ ਬਹੁਤੇ ਨੀਤੀਗਤ ਫ਼ੈਸਲੇ ਸਿਰਫ਼ ਸਿਆਸੀ ਲਾਹਾ ਲੈਣ ਵਾਲੇ ਅਤੇ ਐਡਹਾਕ ਆਧਾਰਿਤ ਫ਼ੈਸਲੇ ਸਨ। ਇਸੇ ਲਈ ਪੰਜਾਬ ਦੀ ਵਿਕਾਸ ਦਰ ਦੇਸ਼ ਦੀ ਔਸਤ ਵਿਕਾਸ ਦਰ ਤੋਂ ਹੇਠਾਂ ਹੈ, ਨਿਵੇਸ਼-ਆਮਦਨ-ਅਨੁਪਾਤ ਦੇਸ਼ ਦੀ ਔਸਤ ਤੋਂ ਅੱਧਾ, ਬੇ-ਰੁਜ਼ਗਾਰੀ ਸਭ ਤੋਂ ਜ਼ਿਆਦਾ, ਸਰਕਾਰ ਸਿਰ ਕਰਜ਼ੇ ਦਾ ਗੈਰ-ਟਿਕਾਊ ਭਾਰ, ਨੌਜਵਾਨਾਂ ਦਾ ਵੱਡੀ ਗਿਣਤੀ ਵਿੱਚ ਪਰਵਾਸ, ਨਸ਼ਿਆਂ ਦਾ ਕਹਿਰ ਆਦਿ ਗੰਭੀਰ ਸਮੱਸਿਆਵਾਂ ਨੇ ਪੰਜਾਬ ਨੂੰ ਨੂੜ ਲਿਆ ਹੈ। ਜੇ ਗੱਲ ਇੱਕ ਨੁਕਤੇ 'ਤੇ ਸਮੇਟਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਆਰਥਿਕਤਾ ਇਸ ਵੇਲੇ ਆਈਸੀਯੂ ਵਿੱਚ ਹੈ। ਆਰਥਿਕਤਾ ਦੇ ਇਸ ਪੜਾਅ 'ਤੇ ਪਹੁੰਚਣ ਪਿੱਛੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਵੱਖ-ਵੱਖ ਸਮਿਆਂ 'ਤੇ ਰਹੀਆਂ ਸਰਕਾਰਾਂ (ਸਮੇਤ ਮੌਜੂਦਾ ਸਰਕਾਰ) ਜ਼ਿੰਮੇਵਾਰ ਹਨ। ਉਨ੍ਹਾਂ ਨੇ ਤੱਥ ਆਧਾਰਿਤ ਅਤੇ ਤਰਕਸੰਗਤ ਨੀਤੀਆਂ ਬਣਾਉਣ ਦੀ ਬਜਾਏ ਕੇਵਲ ਐਡਹਾਕ ਪਹੁੰਚ (patch work) ਅਪਣਾ ਕੇ ਸਰਕਾਰਾਂ ਬਣਾਈਆਂ ਤੇ ਚਲਾਈਆਂ। ਲੈਂਡ ਪੂਲਿੰਗ ਨੀਤੀ (ਜਿਸ ਅਧੀਨ 164 ਪਿੰਡਾਂ ਦੀ 65533 ਏਕੜ ਜ਼ਮੀਨ ਪ੍ਰਾਪਤ ਕਰਨ ਦੀ ਯੋਜਨਾ ਸੀ) ਨੂੰ ਵੀ ਇਸੇ ਪ੍ਰਸੰਗ ਵਿੱਚ ਰੱਖ ਕੇ ਸਮਝਣ ਦੀ ਲੋੜ ਹੈ।

ਹਕੀਕਤ ਇਹ ਹੈ ਕਿ ਮਾੜੇ ਢੰਗ (ਨੀਅਤ ਤੇ ਨੀਤੀ ਸਮੇਤ) ਨਾਲ ਡਿਜ਼ਾਇਨ ਕੀਤੀ ਇਹ ਨੀਤੀ (ਜਿਸ ਵਿੱਚ ਬੁਨਿਆਦੀ ਵਿਗਾੜ ਹੋਣ) ਨਾ ਤਾਂ ਠੀਕ ਹੋ ਸਕਦੀ ਹੈ ਅਤੇ ਨਾ ਹੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੋ ਸਕਦੀ ਹੈ। ਜਿਹੜੀ ਵੀ ਨੀਤੀ ਲੋੜਾਂ ਦੇ ਵੇਰਵਿਆਂ, ਸਹੀ ਉਦੇਸ਼ਾਂ ਅਤੇ ਲੋੜੀਂਦੇ ਸਾਧਨਾਂ ਦੀ ਨਿਸ਼ਾਨਦੇਹੀ ਕਰਨ ਤੋਂ ਬਿਨਾ ਅਤੇ ਵਿਧੀਵਤ ਢੰਗ ਨਾਲ ਨਹੀਂ ਬਣਾਈ ਜਾਂਦੀ, ਉਹ ਆਖ਼ਿਰ ਆਪਣੇ ਭਾਰ ਥੱਲੇ ਹੀ ਦਬ ਜਾਂਦੀ ਹੈ। ਇਹੀ ਹਸ਼ਰ ਲੈਂਡ ਪੂਲਿੰਗ ਨੀਤੀ ਦਾ ਹੋਇਆ ਹੈ, ਪਰ ਸਰਕਾਰਾਂ ਅਕਸਰ ਇਹ ਬਿਰਤਾਂਤ ਸਿਰਜਦੀਆਂ ਹਨ ਕਿ ਨੀਤੀ ਤਾਂ ਚੰਗੀ ਸੀ ਪਰ ਹਿੱਤ ਧਾਰਕਾਂ ਨੂੰ ਸਮਝ ਨਹੀਂ ਆਈ। ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਕਿਸਾਨ ਪੱਖੀ ਦੱਸਿਆ ਸੀ, ਪਰ ਕਿਸਾਨਾਂ ਨੇ ਉਨ੍ਹਾਂ ਕਾਨੂੰਨਾਂ ਦਾ ਉਦੋਂ ਤੱਕ ਵਿਰੋਧ ਕੀਤਾ, ਜਦੋਂ ਤੱਕ ਇਹ ਰੱਦ ਨਹੀਂ ਹੋਏ। ਲੈਂਡ ਪੂਲਿੰਗ ਨੀਤੀ ਨੂੰ ਜਾਇਜ਼ ਠਹਿਰਾਉਣ ਲਈ ਵੀ ਪੰਜਾਬ ਸਰਕਾਰ ਨੇ ਵੀ ਪੂਰਾ ਟਿੱਲ ਲਾਇਆ ਪਰ ਨੀਤੀ ਵਿਰੁੱਧ ਕਿਸਾਨਾਂ ਅਤੇ ਵਿਰੋਧੀ ਪਾਰਟੀਆਂ ਦੇ ਵਿਆਪਕ ਵਿਰੋਧ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਵਕਤ ਸਿਰ ਦਖਲਅੰਦਾਜ਼ੀ ਕਾਰਨ ਸਰਕਾਰ ਨੂੰ ਨੀਤੀ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ। ਕਾਰਨ ਕੁਝ ਵੀ ਹੋਣ, ਪਰ ਨੀਤੀ ਵਾਪਸ ਲੈਣ ਦੇ ਸਰਕਾਰ ਦੇ ਫ਼ੈਸਲੇ ਨੇ ਪੰਜਾਬ ਨੂੰ ਵੱਡੇ ਟਕਰਾਅ ਤੋਂ ਬਚਾ ਲਿਆ ਹੈ। ਇਸ ਲਈ ਇਸ ਫ਼ੈਸਲੇ ਬਾਰੇ ਇਹ ਕਹਿਣਾ ਬਣਦਾ ਹੈ 'ਦੇਰ ਆਇਦ ਦਰੁਸਤ ਆਇਦ'।



ਡਾ. ਰਣਜੀਤ ਸਿੰਘ ਘੁੰਮਣ
ਸਾਬਕਾ ਪ੍ਰੋਫੈਸਰ ਤੇ ਮੁਖੀ
ਅਰਥ ਸ਼ਾਸਤਰ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਯੋਜਨਾਬੱਧ ਸ਼ਹਿਰੀ ਵਿਕਾਸ ਹੋਣਾ ਜ਼ਰੂਰੀ ਹੈ ਪਰ ਅਜਿਹਾ ਨਾ ਹੋਣ ਪਿੱਛੇ ਨੀਅਤ ਤੇ ਨੀਤੀ ਦੀ ਘਾਟ ਅਤੇ ਤਤਕਾਲੀ ਸਰਕਾਰਾਂ ਦੀ ਅਸਫਲਤਾ ਝਲਕਦੀ ਹੈ। 2001 ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ 33.95 ਫ਼ੀਸਦੀ ਸ਼ਹਿਰੀ ਅਬਾਦੀ ਸੀ ਜੋ 2011 ਵਿੱਚ 37.48 ਫ਼ੀਸਦੀ ਹੋ ਗਈ। ਆਉਣ ਵਾਲੀ ਜਨਗਣਨਾ ਵਿੱਚ ਸ਼ਹਿਰੀ ਆਬਾਦੀ 43-44 ਫ਼ੀਸਦੀ ਤੱਕ ਪੁੱਜਣ ਦੀ ਉਮੀਦ ਹੈ। ਅਕਾਲੀ ਭਾਜਪਾ ਸਰਕਾਰ ਨੇ ਵੀ ਲੈਂਡ ਪੂਲਿੰਗ ਨੀਤੀ ਅਧੀਨ ਜ਼ਮੀਨ ਲਈ ਸੀ ਪਰ ਉਸ ਦਾ ਸਕੇਲ ਹੁਣ ਵਾਲੀ ਨੀਤੀ ਤੋਂ ਬਹੁਤ ਛੋਟਾ ਸੀ। ਭਰੋਸੇਯੋਗ ਸੂਤਰਾਂ ਮੁਤਾਬਿਕ, ਸਰਕਾਰ ਦੇ ਹਾਊਸਿੰਗ ਵਿਭਾਗ ਨੇ ਸਾਲ 2000 ਤੋਂ ਹੁਣ ਤੱਕ ਕੁੱਲ 10967 ਏਕੜ ਜ਼ਮੀਨ ਐਕੁਆਇਰ ਕੀਤੀ ਜੋ ਸਾਲਾਨਾ ਔਸਤ ਤਕਰੀਬਨ 439 ਏਕੜ ਬਣਦੀ ਹੈ। ਉਸ ਵਿੱਚੋਂ ਵੀ 3000 ਏਕੜ ਦੇ ਕਰੀਬ ਜ਼ਮੀਨ ਅਜੇ ਵਿਕਸਤ ਕਰਨੀ ਹੈ।

2025 ਵਾਲੀ ਨੀਤੀ ਵਿੱਚ ਸਰਕਾਰ ਨੇ 2013 ਦੇ ਭੂਮੀ ਪ੍ਰਾਪਤੀ ਐਕਟ ਦੀਆਂ ਧਾਰਾਵਾਂ (ਢੁੱਕਵਾਂ ਮੁਆਵਜ਼ਾ, ਕਿਸਾਨਾਂ ਦਾ ਮੁੜ ਵਸੇਬਾ ਆਦਿ) ਨੂੰ ਧਿਆਨ ਵਿੱਚ ਨਹੀਂ ਰੱਖਿਆ। ਨਾ ਹੀ ਕੋਈ 'ਸਮਾਜਿਕ ਵਾਤਾਵਰਣ ਪ੍ਰਭਾਵ' ਅਧਿਐਨ ਕਰਵਾਇਆ; ਨਾ ਹੀ ਮੰਗ ਸਰਵੇਖਣ ਕਰਵਾਇਆ। ਹਾਈ ਕੋਰਟ ਨੇ ਵੀ ਨਾ ਕੇਵਲ ਇਸ ਦਾ ਗੰਭੀਰ ਨੋਟਿਸ ਲਿਆ ਸਗੋਂ ਇਹ ਵੀ ਕਿਹਾ ਕਿ ਲੈਂਡ ਪੂਲਿੰਗ ਨੀਤੀ ਬਹੁਤ ਕਾਹਲ ਵਿੱਚ ਬਣਾਈ ਗਈ। ਸਪਸ਼ਟ ਹੈ ਕਿ ਇਸ ਨੀਤੀ ਅਧੀਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ (ਜੋ ਜ਼ਮੀਨ ਤੋਂ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ) ਦੇ ਮੁੜ ਵਸੇਬੇ ਦੀ ਕੋਈ ਯੋਜਨਾ ਨਹੀਂ ਸੀ।

ਕਿਸਾਨਾਂ ਅਤੇ ਲੋਕਾਂ ਵਿੱਚ ਇਹ ਬਿਰਤਾਂਤ ਵੀ ਚੱਲਦਾ ਹੈ ਕਿ ਕਹਿਣ ਨੂੰ ਤਾਂ ਸਰਕਾਰ ਭੂ-ਮਾਫੀਆ ਅਤੇ ਵੱਡੇ ਬਿਲਡਰਾਂ ਤੋਂ (ਸਹੂਲਤਾਂ ਰਹਿਤ ਗੈਰ-ਕਾਨੂੰਨੀ ਢੰਗ ਨਾਲ ਬਣਾਈਆਂ ਕਲੋਨੀਆਂ) ਆਮ ਲੋਕਾਂ ਨੂੰ ਬਚਾਉਣਾ ਚਾਹੁੰਦੀ ਹੈ ਪਰ ਅਸਲ ਵਿੱਚ ਜਨਤਕ ਖਰਚੇ ਤੇ ਭੂਮੀ ਦਾ ਵਿਕਾਸ ਕਰ ਕੇ ਮੁੜ ਅਜਿਹੇ ਵੱਡੇ ਬਿਲਡਰਾਂ (ਜਿਨ੍ਹਾਂ ਨੂੰ ਸਰਕਾਰ ਦੀ ਸਰਪ੍ਰਸਤੀ ਹੈ) ਨੂੰ ਹੀ ਦੇਣਾ ਚਾਹੁੰਦੀ ਹੈ, ਕਿਉਂਕਿ ਆਮ ਕਿਸਾਨ ਤਾਂ ਅਜਿਹਾ ਜੋਖ਼ਿਮ ਚੁੱਕਣ ਦੀ ਨਾ ਸਮਰੱਥਾ ਰੱਖਦੇ ਹਨ ਅਤੇ ਨਾ ਹੀ ਹੁਨਰ। ਇਹ ਵੀ ਬਿਰਤਾਂਤ ਚੱਲਦਾ ਹੈ ਕਿ ਪੰਜਾਬ ਸਰਕਾਰ ਨੇ ਲੈਂਡ ਪੂਲ ਨੀਤੀ ਆਪਣੀ ਦਿੱਲੀ ਵਾਲੀ ਲੀਡਰਸ਼ਿਪ ਦੇ ਦਬਾਅ ਹੇਠ ਬਣਾਈ ਸੀ। ਇਸੇ ਤਰ੍ਹਾਂ ਨੀਤੀ ਦੀਆਂ ਹੋਰ ਧਾਰਾਵਾਂ ਬਾਰੇ ਵੀ ਕਿਸਾਨਾਂ, ਵਿਰੋਧੀ ਪਾਰਟੀਆਂ ਅਤੇ ਲੋਕਾਂ ਨੇ ਸਰਕਾਰੀ ਬਿਰਤਾਂਤ ਤੋਂ ਉਲਟ ਬਿਰਤਾਂਤ ਸਿਰਜਿਆ। ਜ਼ਾਹਿਰ ਹੈ ਕਿ ਲੋਕਾਂ ਵਾਲਾ ਬਿਰਤਾਂਤ ਸਰਕਾਰੀ ਬਿਰਤਾਂਤ ਉਪਰ ਭਾਰੀ ਪੈ ਗਿਆ ਅਤੇ ਸਰਕਾਰ ਨੂੰ ਨੀਤੀ ਵਾਪਸ ਲੈਣੀ ਪਈ।

ਇਹ ਵੀ ਸਚਾਈ ਹੈ ਕਿ ਰਿਐਲਟੀ ਸੈਕਟਰ ਵਿੱਚ ਕਾਲੇ ਧਨ ਦੀ ਉਤਪਤੀ ਅਤੇ ਖਪਤ ਹੁੰਦੀ ਹੈ। ਇਸ ਨੀਤੀ ਦੀਆਂ ਕੁਝ ਧਰਾਤਲੀ ਸਚਾਈਆਂ ਬਾਰੇ ਗੱਲ ਕਰਨੀ ਬਣਦੀ ਹੈ। ਸਰਕਾਰ ਦੇ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਨਾਲ ਸਬੰਧਿਤ ਸਾਰੇ ਅਦਾਰਿਆਂ ਦੀਆਂ ਵਿਕਸਤ ਕੀਤੀਆਂ ਬਹੁਤ ਸਾਰੀਆਂ ਰਿਹਾਇਸ਼ੀ ਕਲੋਨੀਆਂ ਵਿੱਚ ਅੱਜ ਵੀ ਕਾਫੀ ਪਲਾਟ ਖਾਲੀ ਮਿਲ ਜਾਣਗੇ (ਜਿਨ੍ਹਾਂ ਵਿੱਚ ਬਹੁਤੇ ਮੁਨਾਫ਼ਾ ਕਮਾਉਣ ਦੇ ਮੰਤਵ ਨਾਲ ਵੀ ਖਰੀਦੇ ਗਏ ਸਨ)। ਉਦਯੋਗਿਕ ਫੋਕਲ ਪੁਆਇੰਟਾਂ ਵਿੱਚ ਵੀ ਕਾਫੀ ਪਲਾਟਾਂ ਦੀ ਪੂਰੀ ਵਰਤੋਂ ਹੁਣ ਤੱਕ ਨਹੀਂ ਹੋਈ। ਸਾਲ 2000-01 ਵਿੱਚ ਤਕਰੀਬਨ 105 ਲੱਖ ਏਕੜ ਜ਼ਮੀਨ ਖੇਤੀ ਹੇਠ ਸੀ ਜੋ 2022-23 ਵਿੱਚ ਤਕਰੀਬਨ 101.62 ਲੱਖ ਏਕੜ ਰਹਿ ਗਈ। 22 ਸਾਲਾਂ ਵਿੱਚ 3.36 ਲੱਖ ਏਕੜ ਜ਼ਮੀਨ ਖੇਤੀ ਹੇਠੋਂ ਖਿਸਕ ਗਈ; ਭਾਵ, ਹਰ ਸਾਲ 15 ਕੁ ਹਜ਼ਾਰ ਏਕੜ ਜ਼ਮੀਨ ਖੇਤੀ ਹੇਠੋਂ ਬਾਹਰ ਚਲੀ ਗਈ।

ਰਹੀ ਗੱਲ ਗੈਰ-ਕਾਨੂੰਨੀ ਕਾਲੋਨੀਆਂ ਦੀ, ਸਰਕਾਰ ਕਹਿੰਦੀ ਹੈ ਕਿ 30 ਕੁ ਹਜ਼ਾਰ ਏਕੜ ਭੂਮੀ ਉਪਰ ਪਹਿਲਾਂ ਹੀ ਬਿਲਡਰਾਂ ਨੇ ਗੈਰ-ਕਾਨੂੰਨੀ ਕਾਲੋਨੀਆਂ (ਸਹੂਲਤਾਂ ਤੋਂ ਸੱਖਣੀਆਂ) ਬਣਾ ਕੇ ਲੋਕਾਂ ਨੂੰ ਪਲਾਟ ਵੇਚੇ। ਸਵਾਲ ਹੈ : ਜਦ ਅਜਿਹੀਆਂ ਕਾਲੋਨੀਆਂ ਬਣ ਰਹੀਆਂ ਸਨ, ਉਦੋਂ ਕਿਉਂ ਨਹੀਂ ਰੋਕੀਆਂ ? ਫਿਰ ਜਦ ਇਹ ਕਲੋਨੀਆਂ ਰੈਗੂਲਰ ਕਰਨ ਲਈ ਸਰਕਾਰੀ ਫੀਸ (ਗੈਰ-ਸਰਕਾਰੀ ਫੀਸ ਦੇ ਤਾਂ ਪੁਖਤਾ ਅੰਕੜੇ ਹੈ ਹੀ ਨਹੀਂ) ਲਈ ਤਾਂ ਉਸ ਵਕਤ ਲੋੜੀਂਦੀਆਂ ਸਹੂਲਤਾਂ ਯਕੀਨੀ ਕਿਉਂ ਨਹੀਂ ਬਣਾਈਆਂ ? ਰੈਗੂਲਰ ਹੋਣ ਤੋਂ ਬਾਅਦ ਅੱਜ ਵੀ ਸੈਂਕੜੇ ਕਲੋਨੀਆਂ ਢੁੱਕਵੀਆਂ ਸਹੂਲਤਾਂ ਤੋਂ ਸੱਖਣੀਆਂ ਕਿਉਂ ਹਨ ? ਅਜਿਹੇ ਵਰਤਾਰੇ ਪਿੱਛੇ ਜੇ ਤਤਕਾਲੀ ਸਰਕਾਰਾਂ ਦੀ ਪੁਸ਼ਤ ਪਨਾਹੀ ਨਹੀਂ ਸੀ ਤਾਂ ਫਿਰ ਹੋਰ ਕੀ ਸੀ ? ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਫੀਸ ਲੈ ਕੇ ਰੈਗੂਲਰ ਕੀਤੀ ਕਲੋਨੀ ਗੈਰ-ਕਾਨੂੰਨੀ ਤੋਂ ਕਾਨੂੰਨੀ ਕਿਵੇਂ ਬਣ ਗਈ ?

ਹਕੀਕਤ ਤਾਂ ਇਹ ਹੈ ਕਿ ਸਰਕਾਰਾਂ ਅਕਸਰ ਹੀ ਸਿਆਸੀ ਅਤੇ ਆਰਥਿਕ ਲਾਹਾ ਲੈਣ ਲਈ ਬੇਲੋੜੀ ਕਾਹਲ ਵਿੱਚ ਤਰਕਹੀਣ ਨੀਤੀਆਂ ਬਣਾਉਂਦੀਆਂ ਹਨ ਜੋ ਬਾਅਦ ਵਿੱਚ ਆਪਾ-ਵਿਰੋਧੀ ਨਤੀਜਿਆਂ ਵਾਲੀਆਂ ਹੋ ਨਿਬੜਦੀਆਂ ਹਨ ਤੇ ਕਈ ਵਾਰ (ਜਨਤਕ ਦਬਾਅ ਹੇਠ) ਅਜਿਹੀਆਂ ਨੀਤੀਆਂ ਵਾਪਸ ਲੈਣੀਆਂ ਪੈਂਦੀਆਂ ਹਨ ਪਰ ਤਦ ਤੱਕ ਨੁਕਸਾਨ (ਸਮਾਜਿਕ, ਆਰਥਿਕ ਤੇ ਰਾਜਨੀਤਕ) ਹੋ ਚੁੱਕਾ ਹੁੰਦਾ ਹੈ। ਅਜਿਹੇ ਨੁਕਸਾਨ ਦਾ ਬੋਝ ਲੋਕਾਂ ਨੂੰ ਹੀ ਉਠਾਉਣਾ ਪੈਂਦਾ ਹੈ। ਸਰਕਾਰ ਦੀ ਜ਼ਿੰਮੇਵਾਰੀ ਕਦੀ ਵੀ ਤੈਅ ਨਹੀਂ ਹੁੰਦੀ।

ਇਸ ਲਈ ਹੁਣ ਸਬਕ ਇਹ ਹੈ ਕਿ ਕੋਈ ਵੀ ਸਰਕਾਰੀ ਨੀਤੀ ਬਣਾਉਣ ਤੋਂ ਪਹਿਲਾਂ ਵਿਆਪਕ ਜਨਤਕ (ਖਾਸ ਕਰ ਹਿੱਤ ਧਾਰਕਾਂ) ਵਿਚਾਰ ਵਟਾਂਦਰਾ ਕੀਤਾ ਜਾਵੇ, ਮਾਹਿਰਾਂ ਦੀ ਰਾਇ ਲਈ ਜਾਵੇ ਅਤੇ ਕੋਈ ਵੀ ਨੀਤੀ ਕਾਹਲ ਵਿੱਚ ਨਾ ਬਣਾਈ ਜਾਵੇ। ਇਸ ਤੋਂ ਬਿਨਾਂ, ਪੰਜਾਬ (ਜਿਸ ਪੜਾਅ ਅਤੇ ਚੁਰਸਤੇ 'ਤੇ ਖੜ੍ਹਾ ਹੈ) ਦਾ ਵਿਕਾਸ ਸੰਭਵ ਨਹੀਂ, ਕਿਉਂਕਿ ਪਹਿਲਾਂ ਹੀ ਐਡਹਾਕ ਅਤੇ ਤਰਕਹੀਣ ਨੀਤੀਆਂ ਨੇ ਪੰਜਾਬ ਨੂੰ ਅਜਿਹੇ ਹਾਲਾਤ ਵਿੱਚ ਪਟਕਾ ਮਾਰਿਆ ਹੈ ਜਿੱਥੋਂ ਪੁਖਤਾ ਨੀਤੀਆਂ ਤੋਂ ਬਿਨਾਂ ਬਾਹਰ ਨਿਕਲਣਾ ਅਸੰਭਵ ਹੈ। ਰਾਜਸੀ ਪਾਰਟੀਆਂ ਨੂੰ ਵੀ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਹੋਂਦ ਵੀ ਪੰਜਾਬ ਦੀ ਹੋਂਦ ਨਾਲ ਬੱਝੀ ਹੋਈ ਹੈ।



# ਨਵੇਂ ਬਾਗ ਲਗਾਉਣ ਲਈ ਇੰਝ ਕਰੋ ਵਿਉਂਤਬੰਦੀ

ਸਰਪ੍ਰਿਆ ਸਿੰਘ ਅਤੇ ਸੁਖਜਿੰਦਰ ਸਿੰਘ ਮਾਨ, ਫਾਰਮ ਸਲਾਹਕਾਰ ਸੇਵਾ ਕੇਂਦਰ, ਗੁਰਦਾਸਪੁਰ
(ਮੋ. 85449-71933)

ਬਾਗਬਾਨੀ ਇੱਕ ਲੰਬੇ ਸਮੇਂ ਦਾ ਕਿੱਤਾ ਹੈ ਅਤੇ ਬਾਗ ਲਗਾਉਣ ਵੇਲੇ ਸ਼ੁਰੂਆਤੀ ਸਮੇਂ ਵਿੱਚ ਕੀਤੀ ਕੋਤਾਹੀ ਭਵਿੱਖ ਵਿੱਚ ਆਰਥਿਕ ਪੱਖੋਂ ਭਾਰੀ ਨੁਕਸਾਨ ਕਰ ਸਕਦੀ ਹੈ।

**ਬਾਗ ਲਗਾਉਣ ਦਾ ਸਮਾਂ :** ਮੌਨਸੂਨ ਰੁੱਤ ਦੇ ਆਉਣ ਨਾਲ ਹੀ ਸਦਾਬਹਾਰ ਫਲਦਾਰ ਬੂਟੇ ਲਾਉਣ ਦਾ ਕੰਮ ਜੁਲਾਈ-ਅਗਸਤ ਵਿੱਚ ਸ਼ੁਰੂ ਹੋ ਜਾਂਦਾ ਹੈ।

**ਮਿੱਟੀ ਦੀ ਅਨੁਕੂਲਤਾ :** ਫਲਦਾਰ ਬੂਟੇ ਲਗਾਉਣ ਲਈ ਮਿੱਟੀ ਜ਼ਿਆਦਾ ਲੂਣੀ/ਖਾਰੀ, ਸੇਮ ਵਾਲੀ, ਉਜਾੜ ਵਾਲੀ ਨਹੀਂ ਹੋਣੀ ਚਾਹੀਦੀ, ਸਗੋਂ ਵਧੀਆ, ਮੈਰਾ, ਹਵਾਦਾਰ ਅਤੇ ਭਰਪੂਰ ਤੱਤਾਂ ਵਾਲੀ ਹੋਣੀ ਚਾਹੀਦੀ ਹੈ। ਜ਼ਮੀਨ ਦੀ 2 ਮੀਟਰ ਤੱਕ ਦੀ ਡੂੰਘਾਈ ਵਿੱਚ ਕੋਈ ਸਖਤ ਤਹਿ ਨਹੀਂ ਹੋਣੀ ਚਾਹੀਦੀ। ਪਾਣੀ ਦੀ ਸਤਹਿ 3 ਮੀਟਰ ਤੋਂ ਥੱਲੇ ਹੋਣੀ ਚਾਹੀਦੀ ਹੈ।

ਫਲਾਂ ਦੀ ਸਫਲ ਕਾਸ਼ਤ ਲਈ ਬਾਗਾਂ ਦੀ ਮਿੱਟੀ ਦੀ ਸਿਹਤ ਚੰਗੀ ਹੋਣੀ ਚਾਹੀਦੀ ਹੈ। ਜ਼ਿਆਦਾਤਰ ਫਲਾਂ ਦੇ ਪੌਦੇ 6.5 ਤੋਂ 7.5 ਤੱਕ ਪੀ. ਐਚ. ਵਾਲੀ ਮਿੱਟੀ ਵਿੱਚ ਵਧੀਆ ਉੱਗਦੇ ਹਨ, ਕਿਉਂਕਿ ਜ਼ਿਆਦਾਤਰ ਖੁਰਾਕੀ ਤੱਤ ਇਸ ਸੀਮਾ ਵਿੱਚ ਉਪਲੱਬਧ ਹੁੰਦੇ ਹਨ। ਨਿੰਬੂ ਜਾਤੀ ਅਤੇ ਆੜੂ ਦੀ ਕਾਸ਼ਤ ਲਈ ਕੈਲਸ਼ੀਅਮ ਕਾਰਬੋਨੇਟ ਅਤੇ ਚੂਨੇ ਦੀ ਮਾਤਰਾ ਕ੍ਰਮਵਾਰ 5 ਅਤੇ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਹੋਰ ਫਲਾਂ ਲਈ 10 ਅਤੇ 20 ਪ੍ਰਤੀਸ਼ਤ ਤੋਂ ਘੱਟ ਹੋਣੀ ਚਾਹੀਦੀ ਹੈ।

**ਫਲਦਾਰ ਬੂਟਿਆਂ ਦੀ ਕਿਸਮ ਦੀ ਚੋਣ :** ਫਲਦਾਰ ਬੂਟਿਆਂ ਦੀ ਸਹੀ ਕਿਸਮ ਦੀ ਸਹੀ ਚੋਣ ਅਤੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਆਪਣੇ ਖੇਤਰ ਲਈ ਸਿਫਾਰਿਸ਼ ਕਿਸਮਾਂ ਦੀ ਚੋਣ ਸੰਬੰਧੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਪੰਜਾਬ ਬਾਗਬਾਨੀ ਵਿਭਾਗ ਦੇ ਤਕਨੀਕੀ ਮਾਹਿਰਾਂ ਨਾਲ ਰਾਬਤਾ ਜ਼ਰੂਰ ਕਰੋ।

**ਨਰਸਰੀ ਵਿੱਚੋਂ ਬੂਟਿਆਂ ਦੀ ਚੋਣ :** ਬੂਟੇ ਨਰੋਏ ਅਤੇ ਦਰਮਿਆਨੀ ਉਚਾਈ ਦੇ ਹੋਣੇ ਚਾਹੀਦੇ ਹਨ। ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਪਿਉਂਦ ਸਹੀ ਸਿਫਾਰਿਸ਼ ਕੀਤੇ ਜੜ੍ਹ-ਮੁੱਢ 'ਤੇ ਹੀ ਕੀਤੀ ਗਈ ਹੋਵੇ, ਪਿਉਂਦ ਵਾਲਾ ਜੋੜ ਪੱਧਰਾ ਹੋਵੇ ਅਤੇ ਬਹੁਤਾ ਉੱਚਾ ਨਾ ਹੋਵੇ। ਬੂਟੇ ਖਰੀਦਣ ਸਮੇਂ 10 ਤੋਂ 15 ਪ੍ਰਤੀਸ਼ਤ ਬੂਟੇ ਲੋੜ ਨਾਲੋਂ ਵੱਧ ਖਰੀਦੋ, ਤਾਂ ਜੋ ਇਹਨਾਂ ਨੂੰ ਮਰਨ ਵਾਲੇ ਬੂਟਿਆਂ ਦੀ ਥਾਂ 'ਤੇ ਲਗਾਇਆ ਜਾ ਸਕੇ। ਕਿਸਾਨ ਵੀਰ ਫਲਦਾਰ ਬੂਟੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ, ਪੀ. ਏ. ਯੂ. ਦੇ ਖੇਤਰੀ ਖੋਜ ਕੇਂਦਰਾਂ, ਰਾਜ ਦੀਆਂ ਸਰਕਾਰੀ ਜਾਂ ਮਨਜ਼ੂਰਸ਼ੁਦਾ ਨਰਸਰੀਆਂ ਤੋਂ ਖਰੀਦ ਸਕਦੇ ਹਨ।

**ਬਾਗ ਲਗਾਉਣ ਦੇ ਢੰਗ ਅਤੇ ਬੂਟਿਆਂ ਵਿਚਕਾਰ ਫਾਸਲਾ :** ਨਵੇਂ ਬਾਗਾਂ ਨੂੰ ਵਰਗਾਕਾਰ, ਆਇਤਾਕਾਰ, ਛੇ-ਕੋਨਾ, ਤਿਕੋਨੇ ਜਾਂ ਕੁਇਨਕਨਸ ਢੰਗ ਨਾਲ ਲਾਇਆ ਜਾ ਸਕਦਾ ਹੈ, ਪਰ ਆਮ ਤੌਰ 'ਤੇ ਪੰਜਾਬ ਵਿੱਚ ਨਵੇਂ ਬਾਗਾਂ ਨੂੰ ਵਰਗਾਕਾਰ ਢੰਗ ਨਾਲ ਹੀ ਲਾਇਆ ਜਾਂਦਾ ਹੈ।



ਕੁਝ ਫਲਦਾਰ ਬੂਟੇ ਜਿਵੇਂ ਕਿ ਅੰਬ, ਲੀਚੀ ਅਤੇ ਚੀਕੂ ਆਦਿ ਲੰਬੇ ਸਮੇਂ ਬਾਅਦ ਫਲ ਦੇਣ ਲੱਗਦੇ ਹਨ ਅਤੇ ਇਹਨਾਂ ਦੇ ਬਾਗ ਵਧੇਰੇ ਫਾਸਲੇ ਉੱਪਰ ਵੀ ਲੱਗੇ ਹੁੰਦੇ ਹਨ। ਇਸ ਲਈ ਇਹਨਾਂ ਬਾਗਾਂ ਵਿੱਚ ਛੋਟੇ ਕੱਦ ਅਤੇ ਛੇਤੀ ਫਲ ਦੇਣ ਵਾਲੇ ਫਲਦਾਰ ਬੂਟੇ ਜਿਵੇਂ ਕਿ ਅਮਰੂਦ, ਪਪੀਤਾ, ਕਿੰਨੂ ਆਦਿ ਪੂਰਕ ਪੌਦਿਆਂ ਵਜੋਂ ਵੀ ਲਾਏ ਜਾ ਸਕਦੇ ਹਨ। ਜਦੋਂ ਮੁੱਖ ਫਲਦਾਰ ਬੂਟਿਆਂ ਦਾ ਭਰਪੂਰ ਵਿਕਾਸ ਹੋ ਜਾਵੇ ਅਤੇ ਉਹ ਪੂਰਾ ਫਲ ਦੇਣ ਲੱਗ ਜਾਣ ਤਾਂ ਇਹ ਪੂਰਕ ਪੌਦੇ ਪੁੱਟ ਦੇਣੇ ਚਾਹੀਦੇ ਹਨ।

**ਟੋਏ ਪੁੱਟਣਾ ਅਤੇ ਭਰਨਾ :** ਹਰ ਬੂਟੇ ਲਈ ਇੱਕ ਮੀਟਰ ਡੂੰਘੇ ਅਤੇ ਇੱਕ ਮੀਟਰ ਘੇਰੇ ਵਾਲੇ ਟੋਏ ਪੁੱਟ ਕੇ ਲਾਉ। ਇਨ੍ਹਾਂ ਟੋਇਆਂ ਵਿੱਚ ਉਪਰਲੀ ਮਿੱਟੀ ਅਤੇ ਰੂੜੀ ਬਰਾਬਰ ਮਾਤਰਾ ਵਿੱਚ ਪਾਉ ਅਤੇ ਜ਼ਮੀਨ ਤੋਂ ਉੱਚੇ ਭਰ ਦਿਉ। ਇਨ੍ਹਾਂ ਵਿੱਚ ਬੂਟੇ ਲਾਉਣ ਤੋਂ ਪਹਿਲਾਂ ਪਾਣੀ ਦਿਉ। ਪਾਣੀ ਦੇਣ ਤੋਂ ਬਾਅਦ ਜੇ ਟੋਏ ਵਿਚਲੀ ਮਿੱਟੀ ਬੈਠ ਗਈ ਹੋਵੇ ਤਾਂ ਉੱਪਰਲੀ ਸਤਹਿ 'ਤੇ ਮਿੱਟੀ ਪਾ ਕੇ ਜ਼ਮੀਨ ਦੇ ਬਰਾਬਰ ਪੱਧਰ ਕਰ ਦਿਉ।

**ਨਵੇਂ ਬੂਟੇ ਲਾਉਣਾ ਅਤੇ ਮੁੱਢਲੀ ਦੇਖ-ਭਾਲ :** ਟੋਏ ਤਿਆਰ ਕਰਨ ਤੋਂ ਬਾਅਦ ਬੂਟੇ ਲਗਾਉਣ ਵਾਲੇ ਫੱਟੇ (ਪਲਾਟਿੰਗ ਬੋਰਡ) ਨੂੰ ਇਸ ਤਰ੍ਹਾਂ ਰੱਖੋ ਕਿ ਇੱਕ ਪਾਸੇ ਨਿਸ਼ਾਨਬੰਦੀ ਵਾਲੀਆਂ ਕਿੱਲੀਆਂ ਫੱਟੇ ਅਤੇ ਪਾਸੇ ਵਾਲੇ ਕੱਟ ਵਿੱਚ ਪੂਰੀ ਤਰ੍ਹਾਂ ਫਿੱਟ ਹੋ ਜਾਣ। ਇਸ ਤੋਂ ਬਾਅਦ ਬੂਟੇ ਨੂੰ ਟੋਏ ਵਿੱਚ ਇਸ ਤਰ੍ਹਾਂ ਰੱਖੋ ਕਿ ਬੂਟੇ ਦਾ ਤਣਾ ਫੱਟੇ ਦੇ ਵਿਚਕਾਰਲੇ ਕੱਟ (ਵੀ-ਨੋਚ) ਵਿੱਚ ਆ ਜਾਵੇ। ਸਦਾਬਹਾਰ ਬੂਟੇ ਲਗਾਉਣ ਸਮੇਂ ਗਾਚੀ ਤੋਂ ਪੋਲੀਥੀਨ ਲਾਹ ਲੈਣਾ ਚਾਹੀਦਾ ਹੈ ਅਤੇ ਗਾਚੀ ਨੂੰ ਟੁੱਟਣ ਨਹੀਂ ਦੇਣਾ ਚਾਹੀਦਾ। ਟੋਏ ਦੇ ਵਿਚਕਾਰ ਬੂਟਾ ਲਗਾਉਣ ਤੋਂ ਬਾਅਦ ਉਸ ਨੂੰ ਚੰਗੀ ਤਰ੍ਹਾਂ ਆਲੇ-ਦੁਆਲੇ ਤੋਂ ਨੱਪ ਦਿਓ ਤਾਂ ਜੋ ਗਾਚੀ ਨਾ ਟੁੱਟੇ ਅਤੇ ਬੂਟਾ ਸਿੱਧਾ ਰਹੇ। ਪਿਉਂਦ ਵਾਲਾ ਹਿੱਸਾ ਜ਼ਮੀਨ ਤੋਂ 6 ਤੋਂ 9 ਇੰਚ ਤੱਕ ਜ਼ਰੂਰ ਉੱਚਾ ਹੋਵੇ ਤਾਂ ਜੋ ਜੜ੍ਹ-ਮੁੱਢ ਨਾ ਫੁੱਟੇ।

**ਛੋਟੇ ਬੱਚਿਆਂ ਦੀ ਦੇਖਭਾਲ :** ਨਦੀਨਾਂ ਤੋਂ ਮੁਕਤ ਰੱਖਣਾ ਚਾਹੀਦਾ ਹੈ। ਬਰਸਾਤ ਦੇ ਮੌਸਮ ਦੌਰਾਨ ਬੂਟਿਆਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਨਹੀਂ ਹੋਣਾ ਚਾਹੀਦਾ। ਸੁੱਕੀਆਂ ਅਤੇ ਰੋਗੀ ਟਾਹਣੀਆਂ ਨੂੰ ਸਾਵਧਾਨੀ ਨਾਲ ਕੱਟ ਦਿਓ। ਨਿਯਮਿਤ ਤੌਰ 'ਤੇ ਛੋਟੇ ਬੂਟਿਆਂ ਦੀ ਜਾਂਚ ਕਰਦੇ ਰਹੋ ਅਤੇ ਜੜ੍ਹ-ਮੁੱਢ ਤੋਂ ਨਿਕਲੀ ਕੋਈ ਵੀ ਨਵੀਂ ਟਾਹਣੀ ਨੂੰ ਕੱਟ ਦਿਓ।

**ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਫਲਦਾਰ ਬੂਟਿਆਂ ਦੀਆਂ ਸਿਫਾਰਿਸ਼ ਕੀਤੀਆਂ ਉੱਨਤ ਕਿਸਮਾਂ**

| ਫਲ | ਸਿਫਾਰਿਸ਼ ਕੀਤੀਆਂ ਉੱਨਤ ਕਿਸਮਾਂ |
|---|---|
| ਸੰਗਤਰਾ | ਪੀ. ਏ. ਯੂ. ਕਿੰਨੂ-1, ਡੇਜ਼ੀ, ਡਬਲਿਯੂ ਮਰਕਟ, ਕਿੰਨੂ ਅਤੇ ਦੇਸੀ ਸੰਤਰਾ |
| ਮਾਲਟਾ | ਵੈਨੇਗੇਲੀਆ ਸੈਨਗੁਆਨੋ, ਅਰਲੀ ਗੋਲਡ, ਵਲੈਨਸ਼ੀਆ, ਮੁਸੰਮੀ, ਜਾਫਾ ਅਤੇ ਬਲੱਡ ਰੈਡ |
| ਗਰੇਪਫਰੂਟ | ਸਟਾਰ ਰੂਬੀ, ਰੈਡਬਲੱਸ਼, ਮਾਰਸ਼ ਸੀਡਲੈਸ, ਡੰਕਨ ਅਤੇ ਫੋਸਟਰ |
| ਲੈਮਨ | ਪੰਜਾਬ ਬਾਰਾਮਾਸੀ ਨਿੰਬੂ, ਪੰਜਾਬ ਗਲਗਲ, ਪੀ. ਏ. ਯੂ. ਬਾਰਾਮਾਸੀ ਨਿੰਬੂ-1 ਅਤੇ ਯੂਰੇਕਾ |
| ਨਿੰਬੂ | ਕਾਗਜ਼ੀ |
| ਮਿੱਠਾ | ਦੇਸੀ |
| ਅਮਰੂਦ | ਪੰਜਾਬ ਐਪਲ ਗੁਆਵਾ, ਪੰਜਾਬ ਕਿਰਨ, ਪੰਜਾਬ ਸਫੈਦਾ, ਸ਼ਵੇਤਾ, ਪੰਜਾਬ ਪਿੰਕ, ਅਰਕਾ ਅਮੁਲਿਆ, ਸਰਦਾਰ ਅਤੇ ਅਲਾਹਾਬਾਦ ਸਫੈਦਾ |
| ਅੰਬ | ਅਲਫੈਂਜ਼ੋ, ਦੁਸਹਿਰੀ, ਲੰਗੜਾ, ਗੰਗੀਆਂ ਸੰਧੂਰੀ (ਜੀ. ਐਨ.-19), ਜੀ. ਐਨ.-1, ਜੀ. ਐਨ.-2, ਜੀ. ਐਨ.-3, ਜੀ. ਐਨ.-4, ਜੀ. ਐਨ.-5, ਜੀ. ਐਨ.-6 ਅਤੇ ਜੀ. ਐਨ.-7 |
| ਬੇਰ | ਵਲੈਤੀ, ਉਮਰਾਨ ਅਤੇ ਸਨੌਰ-2 |
| ਲੀਚੀ | ਦੇਹਰਾਦੂਨ, ਕਲਕੱਤੀਆ ਅਤੇ ਸੀਡਲੈਸ ਲੇਟ |
| ਆਂਵਲਾ | ਬਲਵੰਤ, ਨੀਲਮ ਅਤੇ ਕੰਚਨ |
| ਕੇਲਾ | ਗਰੈਂਡ ਨੈਨ |
| ਚੀਕੂ | ਕਾਲੀਪੱਤੀ ਅਤੇ ਕ੍ਰਿਕਟਬਾਲ |
| ਪਪੀਤਾ | ਰੈਡ ਲੇਡੀ-786, ਪੰਜਾਬ ਸਵੀਟ, ਪੂਸਾ ਡਲੀਸ਼ੀਅਸ, ਪੂਸਾ ਡਵਾਰਫ ਅਤੇ ਹਨੀਡਿਉ |
| ਲੁਕਾਠ | ਕੈਲੇਫੋਰਨੀਆ ਐਡਵਾਂਸ, ਗੋਲਡਨ ਯੈਲ ਅਤੇ ਪੇਲ ਯੈਲ |
| ਬਿੱਲ | ਕਾਗਜ਼ੀ |
| ਡਰੈਗਨ ਫਰੂਟ | ਰੈਡ ਡਰੈਗਨ-1 ਅਤੇ ਵਾਈਟ ਡਰੈਗਨ-1 |
| ਜਾਮਣ | ਕੋਂਕਣ ਬਹਾਦੋਲੀ ਅਤੇ ਗੋਮਾ ਪ੍ਰਿਅੰਕਾ |

**ਬੂਟਿਆਂ ਵਿਚਕਾਰ ਸਿਫਾਰਿਸ਼ ਫ਼ਾਸਲਾ ਅਤੇ ਬੂਟਿਆਂ ਦੀ ਗਿਣਤੀ**

| ਫਲਦਾਰ ਬੂਟੇ | ਫ਼ਾਸਲਾ (ਮੀਟਰ) | ਪ੍ਰਤੀ ਏਕੜ |
|---|---|---|
| ਅੰਬ/ਚੀਕੂ | 9.0×9.0 | 49 |
| ਬੇਰ/ਲੀਚੀ/ਆਮਲਾ | 7.5×7.5 | 72 |
| ਲੁਕਾਠ | 6.5×6.5 | 90 |
| ਨਿੰਬੂ ਜਾਤੀ/ਅਮਰੂਦ/ਅੰਜੀਰ | 6.0×6.0 | 110 |
| ਅਮਰੂਦ (ਸੰਘਣੀ ਪ੍ਰਣਾਲੀ) | 6.0×5.0 | 132 |
| ਕਿੰਨੂ (ਸੰਘਣੀ ਪ੍ਰਣਾਲੀ) | 6.0×3.0 | 220 |
| ਕੇਲਾ | 1.8×1.8 | 1230 |
| ਪਪੀਤਾ/ਫਾਲਸਾ | 1.5×1.5 | 1760 |
| ਪਪੀਤਾ (ਰੈਡ ਲੇਡੀ) | 1.8×1.8 | 1230 |

**ਵੱਖ-ਵੱਖ ਫ਼ਲਾਂ ਦੇ ਪੌਦਿਆਂ ਦੇ ਸਮੂਹ ਲਈ ਮਿੱਟੀ ਦੇ ਗੁਣਾਂ ਦੀ ਜਾਣਕਾਰੀ**

| ਗੁਣ | ਨਿੰਬੂ ਜਾਤੀ ਅਤੇ ਆੜੂ | ਦੂਜੇ ਫਲਦਾਰ ਬੂਟੇ |
|---|---|---|
| ਕੰਡਕਟਿਵਿਟੀ (ਮਿਲੀ ਮਹੋਜ਼/ਸੈਂਟੀਮੀਟਰ) | 0.5 ਤੋਂ ਘੱਟ | 1.0 ਤੋਂ ਘੱਟ |
| ਕੈਲਸ਼ੀਅਮ ਕਾਰਬੋਨੇਟ (%) | 5 ਤੋਂ ਘੱਟ | 10 ਤੋਂ ਘੱਟ |
| ਲਾਈਮ ਕਨਕਰੀਸ਼ਨ (%) | 10 ਤੋਂ ਘੱਟ | 20 ਤੋਂ ਘੱਟ |
| ਪੀ. ਐਚ. | 8.5 ਤੋਂ ਘੱਟ | 8.7 ਤੱਕ, ਉਪਰ ਵਾਲੇ ਦੋ ਫੁੱਟ ਲਈ/ਹੇਠਾਂ 9.0 ਤੱਕ ਹੋ ਸਕਦੀ ਹੈ। |



# ਗੋਭੀ ਜਾਤੀ ਦੀਆਂ ਸਬਜ਼ੀਆਂ ਦੀ ਨਰੋਈ ਪਨੀਰੀ ਤਿਆਰ ਕਰਨ ਲਈ ਜ਼ਰੂਰੀ ਨੁਕਤੇ

**ਗੋਭੀ ਜਾਤੀ ਦੀਆਂ ਸਬਜ਼ੀਆਂ ਜਿਵੇਂ ਕਿ ਫੁੱਲ ਗੋਭੀ, ਬਰੌਕਲੀ ਆਦਿ ਸਰਦ ਰੁੱਤ ਦੌਰਾਨ ਮੁੱਖ ਸਬਜ਼ੀਆਂ ਵਿੱਚ ਗਿਣੀਆਂ ਜਾਂਦੀਆਂ ਹਨ । ਇਨ੍ਹਾਂ ਸਬਜ਼ੀਆਂ ਦੀ ਤੰਦਰੁਸਤ ਪਨੀਰੀ ਤਿਆਰ ਕਰਨ ਲਈ ਹੇਠ ਦੱਸੇ ਜ਼ਰੂਰੀ ਨੁਕਤੇ ਅਪਣਾਓ ।**

ਆਰਤੀ ਵਰਮਾ ਅਤੇ ਪ੍ਰਦੀਪ ਕੁਮਾਰ,
ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ (ਮੋ. 94187-40997)

**ਜਗ੍ਹਾ ਦੀ ਚੋਣ** : ਇਹ ਜਗ੍ਹਾ ਰੁੱਖਾਂ ਦੀ ਛਾਂ ਤੋਂ ਦੂਰ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਚੰਗੀ ਧੁੱਪ ਲੱਗਣੀ ਚਾਹੀਦੀ ਹੈ । ਨਰਸਰੀ ਵਾਲੀ ਜਗ੍ਹਾ 'ਤੇ ਪਾਣੀ ਦਾ ਪ੍ਰਬੰਧ ਅਤੇ ਨਿਕਾਸ ਬਹੁਤ ਜ਼ਰੂਰੀ ਹੈ ।

**ਜ਼ਮੀਨ ਦੀ ਸੋਧ** : ਪਨੀਰੀ ਨੂੰ ਮਿੱਟੀ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਲਈ ਮਿੱਟੀ ਦੀ ਸੋਧ ਬਹੁਤ ਜ਼ਰੂਰੀ ਹੈ । ਇਸ ਲਈ ਫਾਰਮਾਲੀਨ ਦੇ ਘੋਲ (15-20 ਮਿਲੀਲੀਟਰ ਫਾਰਮਾਲੀਨ ਪ੍ਰਤੀ ਲੀਟਰ ਪਾਣੀ) ਨਾਲ ਬਿਜਾਈ ਤੋਂ 10 ਦਿਨ ਪਹਿਲਾਂ ਮਿੱਟੀ ਨੂੰ ਸੋਧੋ । ਇਹ 4-5 ਲੀਟਰ ਘੋਲ ਪ੍ਰਤੀ ਵਰਗ ਮੀਟਰ ਜ਼ਮੀਨ ਵਿੱਚ ਪਾਉ, ਤਾਂ ਜੋ ਮਿੱਟੀ ਦੀ ਤਕਰੀਬਨ 6 ਇੰਚ ਤਹਿ ਗੜੁੱਚ ਹੋ ਜਾਵੇ । ਇਸ ਤੋਂ ਬਾਅਦ ਕਿਆਰੀਆਂ ਨੂੰ ਪੋਲੀਥੀਨ ਦੀ ਚਾਦਰ ਨਾਲ 72 ਘੰਟੇ ਤੱਕ ਢੱਕ ਦਿਉ ਅਤੇ ਚਾਦਰ ਨੂੰ ਚਾਰ ਪਾਸਿਉਂ ਬਰੀਕ ਮਿੱਟੀ ਨਾਲ ਦੱਬ ਦਿਉ, ਜਿਸ ਨਾਲ ਗੈਸ ਬਾਹਰ ਨਾਂ ਆਵੇ । ਬਾਅਦ ਵਿੱਚ 4-5 ਦਿਨ ਤੱਕ, ਦਿਨ ਵਿੱਚ ਇੱਕ ਵਾਰ ਕਿਆਰੀਆਂ ਦੀ ਮਿੱਟੀ ਪਲਟਾਉ ਤਾਂ ਕਿ ਫਾਰਮਲੀਨ ਦਾ ਅਸਰ ਖਤਮ ਹੋ ਜਾਵੇ ਅਤੇ ਬੀਜ ਦੀ ਉੱਗਣ ਸ਼ਕਤੀ 'ਤੇ ਕੋਈ ਅਸਰ ਨਾ ਹੋਵੇ ।

**ਨਰਸਰੀ ਵਿੱਚ ਕਿਆਰੀਆਂ ਬਣਾਉਣਾ** : ਸਭ ਤੋਂ ਪਹਿਲਾਂ ਲਗਭਗ 5 ਕੁਇੰਟਲ ਗਲੀ-ਸੜੀ ਰੂੜੀ ਨੂੰ (2 ਮਰਲੇ ਜ਼ਮੀਨ) ਦੇ ਹਿਸਾਬ ਨਾਲ ਪਾ ਕੇ ਖੇਤ ਦੀ ਚੰਗੀ ਤਰ੍ਹਾਂ ਵਹਾਈ ਕਰਨ ਤੋਂ ਬਾਅਦ 1 ਤੋਂ 1.5 ਮੀਟਰ ਚੌੜੀਆਂ ਅਤੇ 15-20 ਸੈਂਟੀਮੀਟਰ ਉੱਚੀਆਂ ਕਿਆਰੀਆਂ ਪੂਰਬ ਤੋਂ ਪੱਛਮ ਦਿਸ਼ਾ ਵਿੱਚ ਬਣਾਉਣੀਆਂ ਚਾਹੀਦੀਆਂ ਹਨ ।

**ਬੀਜ ਦੀ ਮਾਤਰਾ ਅਤੇ ਸੋਧ** : ਫੁੱਲ ਗੋਭੀ ਦੀਆਂ ਉੱਨਤ ਕਿਸਮਾਂ ਵਿੱਚੋਂ ਮੁੱਖ ਮੌਸਮ ਲਈ ਪੰਜਾਬ ਮੱਘਰੀ ਅਤੇ ਪਿਛੇਤੇ ਮੌਸਮ ਲਈ ਪੂਸਾ ਸਨੋਬਾਲ-1 ਅਤੇ ਪੂਸਾ ਸਨੋਬਾਲ ਕੇ-1 ਅਤੇ ਬਰੌਕਲੀ ਵਿੱਚ ਪਾਲਮ ਸਮਰਿੱਧੀ ਅਤੇ ਪੰਜਾਬ ਬਰੌਕਲੀ-1 ਕਿਸਮਾਂ ਦੀ ਸਿਫਾਰਿਸ਼ ਕੀਤੀ ਗਈ ਹੈ । ਪਨੀਰੀ ਨੂੰ ਕਾਲੇ ਧੱਬੇ ਅਤੇ ਬਲਾਈਟ ਵਰਗੀਆਂ ਬਿਮਾਰੀਆਂ ਤੋਂ ਬਚਾਉਣ ਲਈ ਬਿਜਾਈ ਤੋਂ ਪਹਿਲਾਂ 3 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ । ਪਨੀਰੀ ਬੀਜਣ ਲਈ ਬੀਜ ਦੀ ਮਾਤਰਾ ਅਤੇ ਪੁੰਗਰਨ ਦਾ ਸਮਾਂ ਹੇਠ ਲਿਖੇ (ਸਾਰਣੀ-1) ਅਨੁਸਾਰ ਹੈ :-

ਸਾਰਣੀ-1 : ਪਨੀਰੀ ਲਈ ਬੀਜ ਦੀ ਮਾਤਰਾ ਅਤੇ ਪੁੰਗਰਨ ਦਾ ਸਮਾਂ

| ਫ਼ਸਲ | ਬੀਜ ਦੀ ਮਾਤਰਾ ਪ੍ਰਤੀ 50 ਵਰਗ ਮੀਟਰ | ਪੁੰਗਰਨ ਦਾ ਸਮਾਂ (ਦਿਨ) | ਬਿਜਾਈ ਦਾ ਸਮਾਂ | ਪਨੀਰੀ ਨੂੰ ਖੇਤ ਵਿੱਚ ਲਗਾਉਣ ਦਾ ਸਮਾਂ |
|---|---|---|---|---|
| ਫੁੱਲ ਗੋਭੀ | 500 ਗ੍ਰਾਮ (ਅਗੇਤੀ)<br>250 ਗ੍ਰਾਮ (ਮੁੱਖ)<br>250 ਗ੍ਰਾਮ (ਪਿਛੇਤੀ) | 3-4 | ਜੂਨ-ਜੁਲਾਈ (ਅਗੇਤੀ)<br>ਅਗਸਤ-ਅੱਧ ਸਤੰਬਰ (ਮੁੱਖ)<br>ਅਕਤੂਬਰ-ਨਵੰਬਰ ਦੇ ਪਹਿਲੇ ਹਫਤੇ ਤੱਕ (ਪਛੇਤੀ) | ਜੁਲਾਈ-ਅਗਸਤ (ਅਗੇਤੀ)<br>ਸਤੰਬਰ-ਅੱਧ ਅਕਤੂਬਰ (ਮੁੱਖ)<br>ਨਵੰਬਰ-ਦਸੰਬਰ (ਪਛੇਤੀ) |
| ਬੰਦ ਗੋਭੀ | 200-250 ਗ੍ਰਾਮ | 3-4 | ਸਤੰਬਰ-ਅਕਤੂਬਰ | ਅਕਤੂਬਰ-ਨਵੰਬਰ |
| ਬਰੌਕਲੀ | 250 ਗ੍ਰਾਮ | 3-5 | ਮੱਧ ਅਗਸਤ-ਅੱਧ ਸਤੰਬਰ | ਅੱਧ ਸਤੰਬਰ-ਅੱਧ ਅਕਤੂਬਰ |

**ਬਿਜਾਈ ਦਾ ਢੰਗ** : ਚੰਗੇ ਵੱਤਰ ਵਿੱਚ ਬੀਜ ਨੂੰ 5 ਸੈਂਟੀਮੀਟਰ ਦੀ ਦੂਰੀ ਅਤੇ 1 ਸੈਂਟੀਮੀਟਰ ਡੂੰਘਾਈ 'ਤੇ ਲਾਈਨਾਂ ਵਿੱਚ ਬੀਜਣਾ ਚਾਹੀਦਾ ਹੈ । ਪਹਿਲੀ ਸਿੰਚਾਈ ਬਿਜਾਈ ਤੋਂ ਤੁਰੰਤ ਪਿੱਛੋਂ ਫੁਆਰੇ ਨਾਲ ਕਰਨੀ ਚਾਹੀਦੀ ਹੈ । ਵਧੇਰੇ ਧੁੱਪ ਤੋਂ ਬਚਾਅ ਲਈ ਪਨੀਰੀ ਨੂੰ ਸਰਕੰਡੇ ਦਾ ਛੌਰਾ ਕਰਨਾ ਚਾਹੀਦਾ ਹੈ । ਬੀਜ ਪੁੰਗਰਨ ਤੱਕ ਕਿਆਰੀਆਂ ਨੂੰ ਪਰਾਲੀ ਨਾਲ ਢੱਕ ਦੇਣਾ ਚਾਹੀਦਾ ਹੈ ।

**ਨਰਸਰੀ ਵਿੱਚ ਪੌਦਿਆਂ ਦੀ ਦੇਖਭਾਲ** : ਜੇਕਰ ਨਰਸਰੀ ਵਿੱਚ ਪੌਦੇ ਕੋਲ-ਕੋਲ ਹਨ ਤਾਂ ਇਹਨਾਂ ਨੂੰ ਵਿਰਲੇ ਕਰ ਦਿਉ । ਜਦੋਂ ਪਨੀਰੀ 4-6 ਹਫਤਿਆਂ ਦੀ ਹੋ ਜਾਵੇ ਅਤੇ ਪੌਦੇ 15-20 ਸੈਂਟੀਮੀਟਰ ਲੰਬੇ ਹੋ ਜਾਣ ਤਾਂ ਇਹਨਾਂ ਨੂੰ ਪੁੱਟ ਕੇ ਖੇਤ ਵਿੱਚ ਲਾ ਦੇਣਾ ਚਾਹੀਦਾ ਹੈ । ਪਨੀਰੀ ਪੁੱਟਣ ਤੋਂ 3-4 ਦਿਨ ਪਹਿਲਾਂ ਨਰਸਰੀ ਨੂੰ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ । ਇਸ ਨਾਲ ਪੌਦੇ ਮਜ਼ਬੂਤ ਹੋ ਜਾਂਦੇ ਹਨ, ਪਰ ਪੌਦੇ ਪੁੱਟਣ ਤੋਂ ਇੱਕ ਦਿਨ ਪਹਿਲਾਂ ਹਲਕੀ ਸਿੰਚਾਈ ਜ਼ਰੂਰ ਕਰ ਦੇਣੀ ਚਾਹੀਦੀ ਹੈ । ਪੌਦੇ ਖੇਤ ਵਿੱਚ ਲਗਾਉਣ ਤੋਂ ਤੁਰੰਤ ਬਾਅਦ ਪਾਣੀ ਜ਼ਰੂਰ ਦੇਣਾ ਚਾਹੀਦਾ ਹੈ ।

# ਫੁੱਲਾਂ ਦੀ ਖੇਤੀ

## ਨਾਲੇ ਸੁਗੰਧੀ-ਨਾਲੇ ਕਮਾਈ

ਬਹਾਦਰ ਸਿੰਘ ਗੋਸਲ,
ਮਕਾਨ ਨੰ. 3098, ਸੈਕਟਰ 37-ਡੀ,
ਚੰਡੀਗੜ੍ਹ (ਮੋ. 98764-52223)

ਫੁੱਲਾਂ ਦਾ ਜ਼ਿਕਰ ਹੁੰਦਿਆਂ ਹੀ ਸਾਰਾ ਧਿਆਨ ਕਸ਼ਮੀਰ ਦੀਆਂ ਵਾਦੀਆਂ ਵਿੱਚ, ਸ੍ਰੀਨਗਰ ਵਿਖੇ ਫੁੱਲਾਂ ਦੇ ਵਿਲੱਖਣ ਰੰਗਾਂ ਵਾਲੇ ਖੇਤਾਂ ਵੱਲ ਜਾਂ ਫਿਰ ਹੇਮਕੁੰਟ ਸਾਹਿਬ ਦੇ ਰਸਤੇ ਵਿੱਚ ਜਾਣੀ ਜਾਂਦੀ 'ਫਲਾਵਰ ਵੈਲੀ' ਵੱਲ ਉਡਾਰੀ ਭਰ ਲੈਂਦਾ ਹੈ । ਪਰ ਦੱਸਣਾ ਚਾਹੁੰਦੇ ਹਾਂ ਕਿ ਪੰਜਾਬ 'ਚਿ ਵੀ ਇੱਕ ਅਜਿਹੀ ਧਰਤੀ ਹੈ, ਜਿੱਥੋਂ ਦੀ ਮਹਿਕ ਮਨੁੱਖਾਂ ਦੇ ਮਨਾਂ ਨੂੰ ਫੁੱਲਾਂ ਦੀ ਸੁਗੰਧੀ ਨਾਲ ਭਰਪੂਰ ਕਰ ਦਿੰਦੀ ਹੈ । ਪੰਜਾਬ ਵਿੱਚ ਇਹ ਧਰਤੀ ਮਲੇਰਕੋਟਲਾ ਜ਼ਿਲ੍ਹੇ ਦੇ ਕਸਬਾ ਅਮਰਗੜ੍ਹ ਦੇ ਨਾਲ ਲੱਗਦੇ ਪਿੰਡ ਲਾਂਗੜੀਆਂ ਦੀ ਹੈ, ਜਿੱਥੇ ਖੇਤਾਂ ਵਿੱਚ ਫੁੱਲ ਹੀ ਫੁੱਲ ਦੇਖ ਕੇ ਵਿਅਕਤੀ ਹੈਰਾਨ ਰਹਿ ਜਾਂਦਾ ਹੈ । ਪਿਛਲੇ ਦਿਨੀਂ ਮੇਰੀ ਮਿਲਣੀ ਇਸੇ ਪਿੰਡ ਵਿੱਚ ਚੱਲ ਰਹੇ ਇੱਕ ਸਕੂਲ ਦੇ ਡਾਇਰੈਕਟਰ ਜਗਤਾਰ ਸਿੰਘ ਲਾਂਗੜੀਆਂ ਨਾਲ ਹੋਈ । ਇਸ ਦੌਰਾਨ ਉਨ੍ਹਾਂ ਤੋਂ ਪਿੰਡ ਬਾਰੇ ਜਾਣਕਾਰੀ ਲਈ ਤਾਂ ਉਨ੍ਹਾਂ ਦੱਸਿਆ ਕਿ ਇਸ ਪਿੰਡ ਨੂੰ 'ਫੁੱਲਾਂ ਵਾਲਾ ਪਿੰਡ' ਆਖਿਆ ਜਾਂਦਾ ਹੈ । ਉਨ੍ਹਾਂ ਦੇ ਸਕੂਲ ਵਿੱਚ ਲੱਗੇ ਵੱਖ-ਵੱਖ ਕਿਸਮਾਂ ਦੇ ਫੁੱਲਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ । ਫਿਰ ਅਸੀਂ ਪਿੰਡ ਵਿੱਚ ਫੁੱਲਾਂ ਦੇ ਵੱਡੇ ਫਾਰਮ ਨੂੰ ਦੇਖਣ ਗਏ, ਜਿਸ ਦੇ ਮਾਲਕ ਭੁਪਿੰਦਰ ਸਿੰਘ ਢੀਂਡਸਾ ਅਤੇ ਅਵਤਾਰ ਸਿੰਘ ਢੀਂਡਸਾ ਦੋ ਸਕੇ ਭਰਾ ਹਨ । ਉਨ੍ਹਾਂ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਖੇਤੀ ਸੰਬੰਧੀ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ ।

ਮੇਰੀ ਮੁਲਾਕਾਤ ਭੁਪਿੰਦਰ ਸਿੰਘ ਢੀਂਡਸਾ ਨਾਲ ਹੋਈ, ਜਿਨ੍ਹਾਂ ਨੇ ਸਾਨੂੰ ਆਪਣਾ ਫੁੱਲਾਂ ਦਾ ਫਾਰਮ ਦਿਖਾਇਆ । ਇਹ ਨਜ਼ਾਰਾ ਕਮਾਲ ਸੀ, ਕਿਉਂਕਿ ਜਿੱਥੋਂ ਤੱਕ ਸਾਡੀ ਨਜ਼ਰ ਪੈਂਦੀ ਹੈ, ਫੁੱਲ ਹੀ ਫੁੱਲ ਨਜ਼ਰ ਆਉਂਦੇ ਸਨ । ਇੱਕ ਕਿਸਮ ਦੇ ਨਹੀਂ ਸੈਂਕੜੇ ਕਿਸਮਾਂ ਦੇ ਵੱਖ-ਵੱਖ ਰੰਗਾਂ ਦੇ ਫੁੱਲ ਦੇਖਣ ਨੂੰ ਮਿਲੇ । ਗੱਲਬਾਤ ਦੌਰਾਨ ਭੁਪਿੰਦਰ ਨੇ ਦੱਸਿਆ ਕਿ ਉਹ ਆਪਣੀ 800 ਏਕੜ ਜ਼ਮੀਨ ਵਿੱਚ ਫੁੱਲਾਂ ਦੀ ਖੇਤੀ ਕਰਦੇ ਹਨ ਅਤੇ 1000 ਕੁ ਵੋਟਾਂ ਵਾਲੇ ਪਿੰਡ ਵਿੱਚ ਕੁਝ ਹੋਰ ਪਰਿਵਾਰ ਵੀ ਤਕਰੀਬਨ 200 ਏਕੜ ਵਿੱਚ ਫੁੱਲਾਂ ਦੀ ਕਾਸ਼ਤ ਕਰਦੇ ਹਨ । ਇਸ ਤਰ੍ਹਾਂ ਇਸ ਪਿੰਡ ਲਾਂਗੜੀਆਂ ਵਿੱਚ 1000 ਏਕੜ ਜ਼ਮੀਨ ਵਿੱਚ ਫੁੱਲਾਂ ਦੀ ਖੇਤੀ ਕੀਤੀ ਜਾਂਦੀ ਹੈ ਅਤੇ ਇਲਾਕੇ ਵਿੱਚ 25-30 ਪਰਿਵਾਰ ਫੁੱਲਾਂ ਦੀ ਖੇਤੀ ਨਾਲ ਚੰਗਾ ਰੁਜ਼ਗਾਰ ਹਾਸਿਲ ਕਰਦੇ ਹਨ । ਉਨ੍ਹਾਂ ਦੱਸਿਆ ਕਿ ਉਹ ਫੁੱਲਾਂ ਦੇ ਬੀਜ ਤਿਆਰ ਕਰਦੇ ਹਨ ਅਤੇ ਅਮਰੀਕਾ, ਯੂਰਪ, ਆਸਟਰੇਲੀਆ, ਜਾਪਾਨ ਆਦਿ ਵਿਕਸਿਤ ਦੇਸ਼ਾਂ ਨੂੰ ਬੀਜ ਭੇਜਦੇ ਹਨ, ਜਿੱਥੋਂ ਉਨ੍ਹਾਂ ਨੂੰ ਚੰਗੀ ਕੀਮਤ ਮਿਲਦੀ ਹੈ । ਉਨ੍ਹਾਂ ਨੂੰ ਮਾਰਕੀਟ ਦੀ ਕੋਈ ਸਮੱਸਿਆ ਨਹੀਂ, ਕਿਉਂਕਿ ਉਨ੍ਹਾਂ ਨੂੰ ਪਹਿਲਾਂ ਹੀ ਆਰਡਰ ਮਿਲੇ ਹੁੰਦੇ ਹਨ । ਫੁੱਲਾਂ ਦੀ ਕਮਾਈ ਬਾਰੇ ਉਨ੍ਹਾਂ ਦੱਸਿਆ ਕਿ ਇਨ੍ਹਾਂ ਨਾਲ ਉਨ੍ਹਾਂ ਨੂੰ ਕਣਕ ਤੋਂ ਤਿੰਨ ਗੁਣਾ ਵੱਧ ਮੁਨਾਫਾ ਹੁੰਦਾ ਹੈ ਅਤੇ ਉਹ ਕਣਕ ਦੇ ਮੌਸਮ ਵਿੱਚ ਫੁੱਲਾਂ ਦੀ ਖੇਤੀ ਹੀ ਕਰਦੇ ਹਨ । ਫੁੱਲਾਂ ਦੇ ਸੀਜ਼ਨ ਤੋਂ ਬਾਅਦ ਉਹ ਝੋਨਾ ਬੀਜ ਦਿੰਦੇ ਹਨ ਅਤੇ ਝੋਨੇ ਤੋਂ ਬਾਅਦ ਫਿਰ ਫੁੱਲ ਬੀਜਦੇ ਹਨ । ਉਨ੍ਹਾਂ ਇਹ ਵੀ ਦੱਸਿਆ ਕਿ ਤਕਰੀਬਨ 400 ਕਿਸਮਾਂ ਦੇ ਫੁੱਲ ਹੁੰਦੇ ਹਨ, ਜਿਨ੍ਹਾਂ ਤੋਂ ਉਹ ਬੀਜ ਪ੍ਰਾਪਤ ਕਰਦੇ ਹਨ ।



ਉਨ੍ਹਾਂ ਹੋਰ ਦੱਸਿਆ ਕਿ ਫੁੱਲਾਂ ਲਈ ਪਾਣੀ ਦੇਣ ਦਾ ਪ੍ਰਬੰਧ ਡ੍ਰਿਪ-ਸਿਸਟਮ ਹੀ ਹੈ ਅਤੇ ਇਨ੍ਹਾਂ ਦੀ ਦੇਖ-ਭਾਲ ਲਈ ਮਜ਼ਦੂਰਾਂ ਦੀ ਕਾਫ਼ੀ ਜ਼ਰੂਰਤ ਹੁੰਦੀ ਹੈ ਅਤੇ ਉਨ੍ਹਾਂ ਨੂੰ ਇਹ ਮਜ਼ਦੂਰ ਨਾਲ ਦੇ ਪਿੰਡਾਂ ਤੋਂ ਮਿਲ ਜਾਂਦੇ ਹਨ, ਜਿਨ੍ਹਾਂ ਦੇ ਆਉਣ-ਜਾਣ ਲਈ ਉਨ੍ਹਾਂ ਨੇ ਟਰਾਂਸਪੋਰਟ ਦਾ ਪ੍ਰਬੰਧ ਕਰ ਰੱਖਿਆ ਹੈ । ਬੀਜਾਂ ਦੀ ਸੰਭਾਲ ਅਤੇ ਸਫ਼ਾਈ ਆਦਿ ਲਈ ਛੋਟੀਆਂ ਮਸ਼ੀਨਾਂ ਵੀ ਵਰਤੀਆਂ ਜਾਂਦੀਆ ਹਨ । ਵਿਸ਼ੇਸ਼ ਟੈਸਟਾਂ ਅਤੇ ਦੂਜੇ ਕਿਸਾਨਾਂ ਨੂੰ ਜਾਣਕਾਰੀ ਦੇਣ ਲਈ ਫਾਰਮ ਵਿੱਚ ਹੀ ਲੈਬੋਰਟਰੀਆਂ ਅਤੇ ਸੈਮੀਨਾਰ ਰੂਮ ਦਾ ਪ੍ਰਬੰਧ ਹੈ । ਬਿਜਾਈ ਬਹੁਤੀ ਟਰੈਕਟਰਾਂ ਨਾਲ ਹੀ ਕੀਤੀ ਜਾਂਦੀ ਹੈ । ਉਨ੍ਹਾਂ ਇਹ ਵੀ ਦੱਸਿਆ ਕਿ ਕਰਨਾਟਕ ਸੂਬੇ ਵਿੱਚ ਵੀ ਉਹ 300-400 ਏਕੜ ਵਿੱਚ ਫੁੱਲਾਂ ਦੀ ਕਾਸ਼ਤ ਕਰਦੇ ਹਨ ।

ਮੈਂ ਹੱਸਦੇ ਹੋਏ ਨੇ ਕਿਹਾ ਕਿ ਕਸ਼ਮੀਰ ਨੂੰ ਫੁੱਲਾਂ ਦੀ ਬਹੁਤਾਤ ਕਾਰਨ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ, ਪਰ ਤੁਸੀਂ ਤਾਂ ਪੰਜਾਬ ਵਿੱਚ ਹੀ ਇਸ ਪਿੰਡ ਨੂੰ ਸਵਰਗ ਬਣਾ ਦਿੱਤਾ । ਇਹ ਸੁਣ ਕੇ ਉਨ੍ਹਾਂ ਕਿਹਾ ਕਿ ਤੁਸੀਂ ਠੀਕ ਕਿਹਾ ਹੈ, ਜਦੋਂ ਫ਼ਸਲ ਪੂਰੇ ਜੋਬਨ 'ਤੇ ਹੁੰਦੀ ਹੈ ਤਾਂ ਫਰਵਰੀ ਦੇ ਅੰਤ ਜਾਂ ਮਾਰਚ ਦੇ ਸ਼ੁਰੂ ਵਿੱਚ ਫੁੱਲਾਂ ਦਾ ਨਜ਼ਾਰਾ ਦੇਖਣ ਯੋਗ ਹੁੰਦਾ ਹੈ । ਉਨ੍ਹਾਂ ਕਿਹਾ ਕਿ ਖੇਤੀ ਤਾਂ ਜ਼ਰੂਰੀ ਕਰਨੀ ਹੀ ਹੈ, ਪਰ ਕਣਕ ਦੀ ਨਹੀਂ, ਸਗੋਂ ਫੁੱਲਾਂ ਦੀ ਹੀ ਕਰਨੀ ਹੈ, ਜੋ ਸਾਨੂੰ ਕਮਾਈ ਤਾਂ ਵੱਧ ਦਿੰਦੀ ਹੀ ਹੈ, ਨਾਲ ਮਨਾਂ ਨੂੰ ਸੁਗੰਧਿਤ ਅਤੇ ਮਿਠਾਸ ਨਾਲ ਵੀ ਭਰ ਦਿੰਦੀ ਹੈ । ਮੈਂ ਕਿਹਾ ਕਿ ਛੋਟੇ-ਛੋਟੇ ਬੀਜਾਂ ਦੀ ਸੰਭਾਲ ਕਰਨਾ ਤਾਂ ਬਹੁਤ ਮੁਸ਼ਕਿਲ ਹੋਵੇਗਾ ਤਾਂ ਉਨ੍ਹਾਂ ਕਿਹਾ ਕਿ ਸਾਡੇ ਮਜ਼ਦੂਰ ਇਸ ਕੰਮ ਵਿੱਚ ਮਾਹਿਰ ਹਨ ਅਤੇ ਕਈ ਛੋਟੀਆਂ ਮਸ਼ੀਨਾਂ ਵੀ ਸਹਾਈ ਹੁੰਦੀਆਂ ਹਨ । ਇਸ ਦੌਰਾਨ ਉਨ੍ਹਾਂ ਨੇ ਕਿਸਾਨਾਂ ਨੂੰ ਫੁੱਲਾਂ ਦੀ ਖੇਤੀ ਕਰਨ ਦੀ ਵੀ ਅਪੀਲ ਵੀ ਕੀਤੀ ।

# ਖੁੰਬਾਂ ਦੀ ਕਾਸ਼ਤ

## ਇੱਕ ਲਾਹੇਵੰਦ ਸਹਾਇਕ ਧੰਦਾ



ਡਾ. ਬਲਵਿੰਦਰ ਸਿੰਘ ਢਿੱਲੋਂ, ਡਾ. ਅਜੀਤਪਾਲ ਸਿੰਘ ਧਾਲੀਵਾਲ ਅਤੇ ਡਾ. ਜਤਿੰਦਰ ਸਿੰਘ ਬਰਾੜ, ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ।

ਪੰਜਾਬ ਵਿੱਚ ਪੰਜ ਕਿਸਮ ਦੀਆਂ ਖੁੰਬਾਂ ਸਾਰਾ ਸਾਲ ਉਗਾਈਆਂ ਜਾਂਦੀਆਂ ਹਨ। ਇਹਨਾਂ ਵਿੱਚੋਂ ਦੋ ਗਰਮ ਰੁੱਤ (ਪਰਾਲੀ ਵਾਲੀ ਖੁੰਬ ਅਤੇ ਮਿਲਕੀ ਖੁੰਬ) ਦੀਆਂ ਅਤੇ ਤਿੰਨ ਸਰਦ ਰੁੱਤ (ਢੀਂਗਰੀ, ਸ਼ਟਾਕੀ ਖੁੰਬ ਅਤੇ ਬਟਨ ਖੁੰਬ) ਦੀਆਂ ਖੁੰਬਾਂ ਹਨ। ਖੁੰਬਾਂ ਦੀ ਕਾਸ਼ਤ ਹਵਾਦਾਰ ਕਮਰਿਆਂ ਵਿੱਚ ਕੀਤੀ ਜਾਂਦੀ ਹੈ।

ਅਜੋਕੇ ਸਮੇਂ ਵਿੱਚ ਮਹਿੰਗਾਈ ਵਿੱਚ ਹੋਇਆ ਚੋਖਾ ਵਾਧਾ ਅਤੇ ਰੋਜ਼ਾਨਾ ਜ਼ਿੰਦਗੀ ਦੇ ਖਰਚੇ ਇਹਨੇ ਵੱਧ ਗਏ ਹਨ ਕਿ ਇਕੱਲੀ ਖੇਤੀਬਾੜੀ ਦੇ ਧੰਦੇ ਨਾਲ ਅਸੀਂ ਗੁਜ਼ਾਰਾ ਨਹੀਂ ਕਰ ਸਕਦੇ ਹਾਂ। ਇਸ ਲਈ ਸਾਨੂੰ ਖੇਤੀ ਦੇ ਨਾਲ-ਨਾਲ ਸਹਾਇਕ ਧੰਦਿਆਂ ਨੂੰ ਵੀ ਅਪਣਾਉਣਾ ਚਾਹੀਦਾ ਹੈ। ਇਹਨਾਂ ਵਿੱਚ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਸੂਰਾਂ ਨੂੰ ਪਾਲਣ ਦਾ ਧੰਦਾ, ਮਧੂ ਮੱਖੀ ਪਾਲਣ ਆਦਿ ਪ੍ਰਮੁੱਖ ਹਨ। ਇਹਨਾਂ ਧੰਦਿਆਂ ਨੂੰ ਸ਼ੁਰੂ ਕਰਨ ਵਿੱਚ ਕੁਝ ਖਰਚਾ ਵੀ ਆਉਂਦਾ ਹੈ ਅਤੇ ਜ਼ਿਆਦਾ ਮਿਹਨਤ ਦੀ ਵੀ ਜ਼ਰੂਰਤ ਹੈ। ਇਹਨਾਂ ਸਾਰੇ ਧੰਦਿਆਂ ਤੋਂ ਇਲਾਵਾ ਇੱਕ ਅਜਿਹਾ ਧੰਦਾ ਵੀ ਹੈ ਜਿਸ 'ਤੇ ਖਰਚਾ ਵੀ ਘੱਟ ਆਉਂਦਾ ਹੈ ਅਤੇ ਮਿਹਨਤ ਦੀ ਘੱਟ ਲੱਗਦੀ ਹੈ ਉਹ ਹੈ-ਖੁੰਬਾਂ ਦੀ ਕਾਸ਼ਤ ਦਾ ਧੰਦਾ।

ਖੁੰਬਾਂ ਦੀ ਸਫਲ ਕਾਸ਼ਤ ਕਰਕੇ ਇਹਨਾਂ ਨੂੰ ਬਾਜ਼ਾਰ ਵਿੱਚ ਵੇਚ ਕੇ ਚੰਗਾ ਮੁਨਾਫਾ ਕਮਾਉਣ ਦੇ ਨਾਲ-ਨਾਲ ਇਹਨਾਂ ਦੀ ਵਰਤੋਂ ਘਰ ਵਿੱਚ ਸਬਜ਼ੀ ਬਣਾਉਣ ਲਈ ਵੀ ਕਰ ਸਕਦੇ ਹਾਂ। ਖੁੰਬਾਂ ਵਿੱਚ ਐਂਟੀਆਕਸੀਡੈਂਟ ਅਤੇ ਸੀਲੀਨੀਅਮ (Selenium) ਨਾਂ ਦੇ ਖਣਿਜ ਪਦਾਰਥ ਹੁੰਦੇ ਹਨ ਜਿਹੜੇ ਕਿ ਕੈਂਸਰ ਵਰਗੀ ਘਾਤਕ ਬਿਮਾਰੀ ਨੂੰ ਸਰੀਰ ਵਿੱਚ ਪੈਦਾ ਕਰਨ ਵਾਲੇ ਰਸਾਇਣ ਪਦਾਰਥਾਂ ਨੂੰ ਰੋਕਦੇ ਹਨ। ਖੁੰਬਾਂ ਬਲੱਡ ਪ੍ਰੈਸ਼ਰ, ਮੋਟਾਪਾ, ਸ਼ੂਗਰ ਵਰਗੀਆਂ ਬਿਮਾਰੀਆਂ ਨੂੰ ਰੋਕਣ ਵਿੱਚ ਵੀ ਕਾਫੀ ਕਾਰਗਰ ਹਨ।

ਪੰਜਾਬ ਵਿੱਚ ਪੰਜ ਕਿਸਮ ਦੀਆਂ ਖੁੰਬਾਂ ਸਾਰਾ ਸਾਲ ਉਗਾਈਆਂ ਜਾਂਦੀਆਂ ਹਨ। ਇਹਨਾਂ ਵਿੱਚੋਂ ਦੋ ਗਰਮ ਰੁੱਤ (ਪਰਾਲੀ ਵਾਲੀ ਖੁੰਬ ਅਤੇ ਮਿਲਕੀ ਖੁੰਬ) ਦੀਆਂ ਅਤੇ ਤਿੰਨ ਸਰਦ ਰੁੱਤ (ਢੀਂਗਰੀ, ਸ਼ਟਾਕੀ ਖੁੰਬ ਅਤੇ ਬਟਨ ਖੁੰਬ) ਦੀਆਂ ਖੁੰਬਾਂ ਹਨ। ਖੁੰਬਾਂ ਦੀ ਕਾਸ਼ਤ ਹਵਾਦਾਰ ਕਮਰਿਆਂ ਵਿੱਚ ਕੀਤੀ ਜਾਂਦੀ ਹੈ।

**ਪਰਾਲੀ ਖੁੰਬ:** ਪਰਾਲੀ ਖੁੰਬ ਦੀਆਂ ਚਾਰ ਫਸਲਾਂ ਅਪ੍ਰੈਲ ਤੋਂ ਅਗਸਤ ਤੱਕ ਲਈਆਂ ਜਾ ਸਕਦੀਆਂ ਹਨ। ਇਸ ਲਈ ਪਰਾਲੀ, ਬੀਜ (ਸਪਾਨ), ਬਾਂਸ, ਸੇਬਾ ਆਦਿ ਸਾਮਾਨ ਦੀ ਲੋੜ ਹੁੰਦੀ ਹੈ। ਝੋਨੇ ਦੀ ਪਰਾਲੀ ਦੇ ਇੱਕ ਇੱਕ ਕਿਲੋ ਦੇ ਪੂਲੇ ਦੋਨੋਂ ਸਿਰਿਆਂ ਤੋਂ ਸੇਬੇ ਨਾਲ ਬੰਨ੍ਹ ਕੇ ਤਿਆਰ ਕੀਤੇ ਜਾਂਦੇ ਹਨ। ਪੂਲੇ ਦੇ ਸਿਰੇ ਕੱਟ ਕੇ ਇੱਕ ਬਰਾਬਰ ਕਰ ਲਏ ਜਾਂਦੇ ਹਨ। ਪਰਾਲੀ ਦੇ ਪੂਲਿਆਂ ਨੂੰ ਸਾਫ ਪਾਣੀ ਵਿੱਚ 16-20 ਘੰਟੇ ਲਈ ਡੁਬੋ ਦਿਓ ਅਤੇ ਗਿੱਲ੍ਹੇ ਪੂਲਿਆਂ ਨੂੰ ਢਲਾਨ ਤੇ ਰੱਖ ਕੇ ਵਾਧੂ ਪਾਣੀ ਨੂੰ ਨਿਕਲਣ ਦਿੱਤਾ ਜਾਵੇ। ਕਮਰੇ ਵਿੱਚ ਇੱਟਾਂ ਅਤੇ ਬਾਂਸ ਦਾ ਇੱਕ ਢੁੱਕਵਾਂ ਪਲੇਟਫਾਰਮ ਬਣਾਓ। ਇਸ ਪਲੇਟਫਾਰਮ ਤੇ 5 ਪੂਲਿਆਂ ਦੀ ਇੱਕ ਤਹਿ ਲਗਾਓ, ਜਿਸ ਉੱਪਰ ਲਗਭਗ 75 ਗਰਾਮ ਬੀਜ ਪਾਓ। ਇਸ ਤੋਂ ਉੱਪਰ ਵਾਲੀ ਤਹਿ ਉਲਟ ਹੁੰਦੀ ਹੈ। ਇਸ ਤਰ੍ਹਾਂ ਪੰਜ ਪੰਜ ਪੂਲਿਆਂ ਦੀਆਂ ਚਾਰ ਤਹਿਆਂ ਵਿੱਚ 300 ਗਰਾਮ ਬੀਜ ਪਾ ਕੇ ਇੱਕ ਕਿਆਰੀ ਤਿਆਰ ਕੀਤੀ ਜਾਂਦੀ ਹੈ। ਸਭ ਤੋਂ ਉੱਪਰ ਦੋ ਪੂਲੇ ਖੋਲ ਕੇ ਰੱਖ ਦਿੱਤੇ ਜਾਂਦੇ ਹਨ। ਬੀਜਾਈ ਤੋਂ 7-9 ਦਿਨਾਂ ਬਾਅਦ ਖੁੰਬਾਂ ਫੁੱਟਣ ਲੱਗ ਪੈਂਦੀਆਂ ਹਨ। ਬਿਜਾਈ ਦੇ ਦੋ ਦਿਨਾਂ ਬਾਅਦ ਹਰ ਰੋਜ਼ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਖੁੰਬਾਂ ਫੁੱਟਣ ਉਪਰੰਤ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਦਿੱਤਾ ਜਾਂਦਾ ਹੈ। ਖੁੰਬਾਂ ਫੁੱਟਣ ਉਪਰੰਤ 1-2 ਦਿਨਾਂ ਵਿੱਚ ਤੋੜਨ ਯੋਗ ਹੋ ਜਾਂਦੀਆਂ ਹਨ। ਖੁੰਬਾਂ ਦੀ ਤੁੜਾਈ ਲਗਾਤਾਰ 15-20 ਦਿਨ ਤੱਕ ਚਲਦੀ ਹੈ। ਖੁੰਬਾਂ ਦੇ 200 ਗਰਾਮ ਦੇ ਮੋਮੀ ਲਿਫਾਫੇ ਦੇ ਪੈਕਟ ਤਿਆਰ ਕਰ ਕੇ ਮੰਡੀ ਵਿੱਚ ਭੇਜੇ ਜਾਂਦੇ ਹਨ। ਇੱਕ ਪਰਾਲੀ ਦੀ ਕਿਆਰੀ ਵਿੱਚੋਂ 2.5-3.0 ਕਿਲੋ ਤਾਜ਼ਾ ਖੁੰਬਾਂ ਤੋੜੀਆਂ ਜਾ ਸਕਦੀਆਂ ਹਨ।

**ਮਿਲਕੀ ਖੁੰਬ** : ਮਿਲਕੀ ਖੁੰਬ ਦੀਆਂ ਤਿੰਨ ਫਸਲਾਂ ਅਪ੍ਰੈਲ ਤੋਂ ਸਤੰਬਰ ਤੱਕ ਲਈਆਂ ਜਾ ਸਕਦੀਆਂ ਹਨ। ਇਸ ਲਈ ਤੂੜੀ, ਬੀਜ (ਸਪਾਨ), ਮੋਮੀ ਲਿਫਾਫੇ, ਸੇਬਾ, ਕੇਸਿੰਗ ਮਿੱਟੀ ਆਦਿ ਸਾਮਾਨ ਦੀ ਲੋੜ ਹੈ। ਸੁੱਕੀ ਤੂੜੀ ਨੂੰ ਪੱਕੇ ਫਰਸ਼ ਤੇ ਵਿਛਾ ਕੇ 16-20 ਘੰਟੇ ਪਾਣੀ ਨਾਲ ਗਿੱਲ੍ਹਾ ਕਰੋ। ਗਿੱਲ੍ਹੀ ਤੂੜੀ ਨੂੰ ਬੋਰੀ ਵਿੱਚ ਭਰ ਕੇ ਸੇਬੇ ਨਾਲ ਬੰਨ ਦਿਉ। ਇਸ ਬੋਰੀ ਨੂੰ ਉਬਲਦੇ ਪਾਣੀ ਵਿੱਚ 45-50 ਮਿੰਟ ਲਈ ਡੁਬੋ ਦਿਓ। ਤੂੜੀ ਨੂੰ ਕੱਢ ਕੇ ਪੱਕੇ ਫਰਸ਼ ਉੱਤੇ ਵਿਛਾ ਕੇ ਠੰਡਾ ਕਰ ਲਓ। ਠੰਡੀ ਤੂੜੀ ਵਿੱਚ ਬੀਜ ਰਲਾ ਕੇ ਮੋਮੀ ਲਿਫਾਫੇ ਵਿੱਚ ਭਰ ਦਿਓ। ਇਕ ਮੋਮੀ ਲਿਫਾਫੇ ਵਿੱਚ ਲਗਭਗ 2 ਕਿਲੋ ਗਿੱਲੀ ਤੂੜੀ ਅਤੇ 70-80 ਗ੍ਰਾਮ ਬੀਜ ਪੈਂਦਾ ਹੈ। ਲਿਫਾਫੇ ਦੇ ਮੂੰਹ ਨੂੰ ਸੇਬੇ ਨਾਲ ਬੰਨ੍ਹ ਕੇ ਕਮਰੇ ਵਿੱਚ ਰੱਖ ਦਿਉ। ਬਿਜਾਈ ਦੇ 2-3 ਹਫਤਿਆਂ ਬਾਅਦ ਲਿਫਾਫੇ ਖੋਲ੍ਹ ਕੇ ਕੇਸਿੰਗ ਦੀ 1-1.5'' ਦੀ ਤਹਿ ਲਗਾ ਦਿਉ।

ਕੇਸਿੰਗ ਵਿੱਚ ਰੂੜੀ ਅਤੇ ਰੇਤਲੀ ਮਿੱਟੀ (4:1) ਹੁੰਦੀ ਹੈ ਜੋ ਕਿ 24 ਘੰਟਿਆਂ ਲਈ 4% ਫਾਰਮਲੀਨ ਦੇ ਘੋਲ ਨਾਲ ਜੀਵਾਣੂ ਰਹਿਤ ਕੀਤੀ ਜਾਂਦੀ ਹੈ। ਕੇਸਿੰਗ ਮਿੱਟੀ ਪਾਉਣ ਤੋਂ ਲਗਭਗ ਦੋ ਹਫਤੇ ਵਿੱਚ ਖੁੰਬਾਂ ਦੇ ਛੋਟੇ-ਛੋਟੇ ਕਿਣਕੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਖੁੰਬਾਂ ਦੀ ਤੁੜਾਈ ਲਗਭਗ 35-40 ਦਿਨਾਂ ਤੱਕ ਕੀਤੀ ਜਾਂਦੀ ਹੈ। ਖੁੰਬਾਂ ਦੇ 200 ਗਰਾਮ ਦੇ ਮੋਮੀ ਲਿਫਾਫੇ ਵਿੱਚ ਪੈਕਟ ਬਣਾ ਕੇ ਮੰਡੀ ਭੇਜੇ ਜਾਂਦੇ ਹਨ। ਇੱਕ ਕੁਇੰਟਲ ਸੁੱਕੀ ਤੂੜੀ ਵਿੱਚੋਂ ਲਗਭਗ 50-60 ਕਿਲੋ ਖੁੰਬਾਂ ਮਿਲ ਸਕਦੀਆਂ ਹਨ।

**ਢੀਂਗਰੀ** : ਇਸ ਖੁੰਬ ਦੀਆਂ ਅਕਤੂਬਰ ਤੋਂ ਮਾਰਚ ਤੱਕ ਤਿੰਨ ਫਸਲਾਂ ਲਈਆਂ ਜਾ ਸਕਦੀਆਂ ਹਨ। ਇਸ ਲਈ ਤੂੜੀ ਜਾਂ ਪਰਾਲੀ ਦਾ ਕੁਤਰਾ (3-5 ਇੰਚ), ਬੀਜ (ਸਪਾਨ), ਮੋਮੀ ਲਿਫਾਫੇ (12'×16'), ਸੇਬਾ, ਕੰਡਾ ਆਦਿ ਸਮਾਨ ਦੀ ਲੋੜ ਹੁੰਦੀ ਹੈ। ਪਰਾਲੀ ਜਾਂ ਤੂੜੀ ਨੂੰ 16-20 ਘੰਟੇ ਫਰਸ਼ ਤੇ ਸਾਫ ਪਾਣੀ ਨਾਲ ਗਿੱਲ੍ਹਾ ਕਰੋ। ਗਿੱਲ੍ਹੀ ਤੂੜੀ/ਪਰਾਲੀ ਨੂੰ ਮੋਮੀ ਲਿਫਾਫੇ ਵਿੱਚ 2-3 ਇੰਚ ਤੱਕ ਭਰ ਕੇ ਥੋੜ੍ਹਾ ਜਿਹਾ ਬੀਜ ਪਾਓ। ਇੱਕ ਕਿਲੋ ਸੁੱਕੀ ਤੂੜੀ ਵਿੱਚ 100 ਗਰਾਮ ਬੀਜ ਪਾਓ। ਇਸ ਤਰ੍ਹਾਂ ਲਿਫਾਫੇ ਨੂੰ ਦੋ ਤਿਹਾਈ ਤੱਕ ਭਰ ਕੇ ਸੇਬੇ ਨਾਲ ਬੰਨ੍ਹ ਦਿਓ। ਲਿਫਾਫੇ ਦੇ ਹੇਠਲੇ ਕੋਨੇ ਕੱਟ ਦਿਉ ਤਾਂ ਜੋ ਵਾਧੂ ਪਾਣੀ ਨਿਕਲ ਜਾਵੇ। ਲਿਫਾਫਿਆਂ ਨੂੰ ਕਮਰੇ ਵਿੱਚ ਟਿਕਾ ਦਿਉ। ਬਿਜਾਈ ਦੇ ਦੋ ਤਿੰਨ ਹਫਤਿਆਂ ਵਿੱਚ ਛੋਟੀਆਂ ਛੋਟੀਆਂ ਖੁੰਬਾਂ ਫੁੱਟਣ ਲੱਗ ਪੈਂਦੀਆਂ ਹਨ। ਇਸ ਸਮੇਂ ਲਿਫਾਫਿਆਂ ਨੂੰ ਲਾਹ ਦਿੱਤਾ ਜਾਂਦਾ ਹੈ ਅਤੇ ਹਲਕਾ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। 4-5 ਦਿਨਾਂ ਬਾਅਦ ਢੀਂਗਰੀ ਨੂੰ ਪਕੜ ਕੇ ਉੱਪਰ ਜਾ ਥੱਲੇ ਵਲ ਖਿੱਚ



ਕੇ ਤੋੜ ਲਿਆ ਜਾਂਦਾ ਹੈ। ਢੀਂਗਰੀ ਦੇ 200 ਗਰਾਮ ਦੇ ਮੋਮੀ ਲਿਫਾਫੇ ਭਰ ਕੇ ਮੰਡੀ ਵਿੱਚ ਭੇਜੇ ਜਾ ਸਕਦੇ ਹਨ। ਇੱਕ ਕਿਲੋ ਸੁੱਕੀ ਤੂੜੀ ਤੋਂ ਲਗਭਗ 500-600 ਗਰਾਮ ਤਾਜ਼ਾ ਢੀਂਗਰੀ 30 ਦਿਨਾਂ ਵਿੱਚ ਤੋੜੀ ਜਾ ਸਕਦੀ ਹੈ।

**ਸਟਾਕੀ ਖੁੰਬ** : ਇਹ ਖੁੰਬ ਅਕਤੂਬਰ ਤੋਂ ਅੱਧ ਫਰਵਰੀ ਤੱਕ ਉਗਾਈ ਜਾ ਸਕਦੀ ਹੈ। ਇਸ ਲਈ ਤੂੜੀ, ਚੌਕਰ, ਬੀਜ (ਸਪਾਨ), ਮੋਮੀ ਲਿਫਾਫੇ (12'×16'), ਪਲਾਸਟਿਕ ਦੇ ਛੱਲੇ, ਰੂੰਈ ਆਦਿ ਦੀ ਲੋੜ ਹੁੰਦੀ ਹੈ। ਸਾਫ ਤੂੜੀ ਨੂੰ 16-20 ਘੰਟੇ ਪੱਕੇ ਫਰਸ਼ ਤੇ ਪਾਣੀ ਨਾਲ ਗਿੱਲਾ ਕਰੋ। 2 ਕਿਲੋ ਗਿੱਲੀ ਤੂੜੀ ਵਿੱਚ 10% ਚੋਕਰ (ਸੁੱਕੀ ਤੂੜੀ ਦੇ ਹਿਸਾਬ ਨਾਲ) ਰਲਾਉ ਤੇ ਇਸ ਨੂੰ ਪ੍ਰਤੀ ਲਿਫਾਫਾ ਦੇ ਹਿਸਾਬ ਨਾਲ ਭਰੋ। ਲਿਫਾਫੇ ਉੱਪਰ ਛੱਲਾ ਲਗਾ ਕੇ ਰੂੰਈ ਨਾਲ ਮੂੰਹ ਬੰਦ ਕਰੋ। ਲਿਫਾਫਿਆਂ ਨੂੰ 20 ਪੀ. ਐਸ. ਆਈ. ਤੇ ਇੱਕ ਘੰਟਾ ਭਾਫ ਲਵਾਓ। ਤੂੜੀ ਨੂੰ ਠੰਡਾ ਕਰਨ ਤੋਂ ਬਾਅਦ ਇਸ ਵਿੱਚ ਸਟਾਕੀ ਖੁੰਬ ਦਾ ਬੀਜ (4%) ਪਾਉ। ਲਿਫਾਫਿਆਂ ਨੂੰ ਕਮਰੇ ਅੰਦਰ ਰੱਖੋ ਅਤੇ ਲਗਭਗ 50 ਦਿਨਾਂ ਬਾਅਦ ਲਿਫਾਫੇ ਭੂਰੇ ਰੰਗ ਦੇ ਹੋ ਜਾਣ ਤੇ, ਲਿਫਾਫਾ ਹਟਾ ਦਿਓ। ਤੂੜੀ ਵਾਲੇ ਡਲੇ ਨੂੰ ਬਰਫ ਵਾਲੇ ਪਾਣੀ ਵਿੱਚ 5-10 ਮਿੰਟ ਰੱਖੋ। ਇਸ ਤੋਂ ਬਾਅਦ ਤੂੜੀ ਵਾਲੇ ਡਲੇ ਨੂੰ ਕਾਸ਼ਤ ਵਾਲੇ ਕਮਰੇ ਵਿੱਚ ਟਿਕਾ ਦਿਓ। ਲਗਭਗ 5-7 ਦਿਨਾਂ ਵਿੱਚ ਸਿਟਾਕੀ ਖੁੰਬ ਫੁੱਟ ਪੈਂਦੀ ਹੈ। ਖੁੰਬ 5-7 ਦਿਨਾਂ ਵਿੱਚ ਤੋੜਨ ਯੋਗ ਹੋ ਜਾਂਦੀ ਹੈ। ਇਸ ਤਰ੍ਹਾਂ ਖੁੰਬਾਂ ਲਗਾਤਾਰ 60 ਦਿਨਾਂ ਤੱਕ ਤੋੜੀਆਂ ਜਾਂਦੀਆਂ ਹਨ। ਇੱਕ ਕੁਇੰਟਲ ਸੁੱਕੀ ਤੂੜੀ ਤੋਂ ਲਗਭਗ 40 ਕਿਲੋ ਤਾਜ਼ੀ ਖੁੰਬ ਤੋੜੀ ਜਾ ਸਕਦੀ ਹੈ। ਖੁੰਬਾਂ ਦੇ 200 ਗਰਾਮ ਦੇ ਮੋਮੀ ਲਿਫਾਫੇ ਦੇ ਪੈਕਟ ਬਣਾ ਕੇ ਮੰਡੀ ਵਿੱਚ ਭੇਜੇ ਜਾ ਸਕਦੇ ਹਨ।

**ਬਟਨ ਖੁੰਬ** : ਸਤੰਬਰ ਤੋਂ ਮਾਰਚ ਤੱਕ ਇਸ ਖੁੰਬ ਦੀਆਂ ਦੋ ਫਸਲਾਂ ਲਈਆਂ ਜਾ ਸਕਦੀਆਂ ਹਨ। ਸਤੰਬਰ ਮਹੀਨੇ ਦੇ ਅੱਧ ਵਿੱਚ ਤੂੜੀ ਅਤੇ ਖਾਦਾਂ ਤੋਂ ਕੰਪੋਸਟ ਤਿਆਰ ਕੀਤੀ ਜਾਂਦੀ ਹੈ। ਖੁੰਬਾਂ ਦੀ ਇਸ ਕਿਸਮ ਲਈ 300 ਕਿਲੋ ਤੂੜੀ, 15 ਕਿਲੋ ਚੌਕਰ, 9 ਕਿਲੋ ਕਿਸਾਨ ਖਾਦ, 3 ਕਿਲੋ ਯੂਰੀਆ, 3 ਕਿਲੋ ਸੁਪਰ ਫਾਸਫੇਟ, 3 ਕਿਲੋ ਮਿਊਰੇਟ ਆਫ ਪੋਟਾਸ਼, 5 ਕਿਲੋ ਸੀਰਾ, 30 ਕਿਲੋ ਜਿਪਸਮ, 250 ਗਰਾਮ ਲਿੰਡੇਨ (5%) ਦਾ ਧੂੜਾ ਅਤੇ ਫਿਊਰਾਡਾਨ 3 ਜੀ 150 ਗਰਾਮ ਦੀ ਲੋੜ ਪੈਂਦੀ ਹੈ। 9 ਕਿਲੋ ਕਿਸਾਨ ਖਾਦ, 3 ਕਿਲੋ ਯੂਰੀਆ ਅਤੇ 3 ਕਿਲੋ ਸੁਪਰ ਫਾਸਫੇਟ ਦੀ ਥਾਂ 1 ਕਿਲੋ ਡੀ.ਏ.ਪੀ ਅਤੇ 6.5 ਕਿਲੋ ਯੂਰੀਆ ਵੀ ਪਾਏ ਜਾ ਸਕਦੇ ਹਨ। ਤੂੜੀ ਨੂੰ ਪੱਕੇ ਫਰਸ਼ ਤੇ ਖਿਲਾਰ ਕੇ ਸਾਫ ਪਾਣੀ ਨਾਲ 48 ਘੰਟਿਆਂ ਲਈ ਗਿੱਲ੍ਹਾ ਕਰੋ। ਖਾਦਾਂ ਵਿੱਚ ਚੌਕਰ ਰਲਾ ਕੇ 24 ਘੰਟਿਆਂ ਲਈ ਸਿੱਲ੍ਹੇ ਰੱਖੋ। ਖਾਦਾਂ ਅਤੇ ਚੌਕਰ ਦੇ ਮਿਸ਼ਰਣ ਨੂੰ ਗਿੱਲੀ ਤੂੜੀ ਉੱਪਰ ਖਿਲਾਰ ਕੇ ਤ੍ਰੰਗਲੀ ਨਾਲ ਫਰੋਲੋ ਅਤੇ ਤਿੰਨ ਫੱਟਿਆਂ ਦੀ ਮਦਦ ਨਾਲ ਇੱਕ 5×5×5 ਫੁੱਟ ਦਾ ਢੇਰ ਲਗਾ ਕੇ ਫੱਟੇ ਹਟਾ ਦਿਉ। ਢੇਰ ਨੂੰ ਸੱਤ ਵਾਰ, ਪਹਿਲਾਂ ਤਿੰਨ ਵਾਰ ਹਰ ਚੌਥੇ ਦਿਨ ਅਤੇ ਫਿਰ ਚਾਰ ਵਾਰ ਹਰ ਤੀਜੇ ਦਿਨ ਪਲਟੋ। ਸੀਰਾ, ਜਿਪਸਮ, ਫਿਊਰਾਡਾਨ ਅਤੇ ਲਿੰਡੇਨ ਨੂੰ ਪਹਿਲੀ, ਤੀਜੀ, ਛੇਵੀਂ ਅਤੇ ਸੱਤਵੀਂ ਪਲਟੀ ਤੇ ਪਾਉ। ਇਸ ਤਰ੍ਹਾਂ 24 ਦਿਨਾਂ ਵਿੱਚ ਕੰਪੋਸਟ ਤਿਆਰ ਹੋ ਜਾਂਦੀ ਹੈ।

ਤੂੜੀ ਦੇ ਨਾਲ ਪਰਾਲੀ ਕੁਤਰ ਕੇ (2-5 ਇੰਚ) 1:1 ਜਾਂ 1:2 (ਭਾਰ/ਭਾਰ) ਹਿੱਸੇ ਵਿੱਚ ਪਾਈ ਜਾ ਸਕਦੀ ਹੈ। ਪਰਾਲੀ ਅੱਠਵੇਂ ਦਿਨ ਦੂਜੀ ਟਰਨ ਵਿੱਚ ਪਾਉਣੀ ਚਾਹੀਦੀ ਹੈ। ਕੰਪੋਸਟ ਦੇ ਢੇਰ ਨੂੰ ਖੋਲ੍ਹ ਕੇ ਠੰਡਾ ਕੀਤਾ ਜਾਂਦਾ ਹੈ। ਟਰੇਆਂ ਜਾਂ ਲਿਫਾਫਿਆਂ ਵਿੱਚ ਬੀਜ 300 ਗਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਅੱਠ ਇੰਚ ਕੰਪੋਸਟ ਵਿੱਚ ਰਲਾਇਆ ਜਾਂਦਾ ਹੈ। ਬੀਜ ਰਲੀ ਕੰਪੋਸਟ ਨੂੰ ਅਖਬਾਰ ਨਾਲ ਢੱਕ ਦਿੱਤਾ ਜਾਂਦਾ ਹੈ। ਇਸ ਉੱਪਰ ਹਰ ਰੋਜ਼ ਹਲਕਾ ਜਿਹਾ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਬਿਜਾਈ ਤੋਂ ਬਾਅਦ ਹਰ ਰੋਜ਼ ਪਾਣੀ ਦਾ ਛਿੜਕਾਅ ਕਰੋ। ਖੁੰਬਾਂ ਫੁੱਟਣ ਉਪਰੰਤ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਦਿਓ। ਬਿਜਾਈ ਦੇ 2-3 ਹਫਤਿਆਂ ਬਾਅਦ ਕੰਪੋਸਟ ਉਪਰ ਦੀ ਅਖਬਾਰ ਲਾਹ ਕੇ ਕੇਸਿੰਗ ਦੀ 1.5'' ਦੀ ਤਹਿ ਲਗਾ ਦਿਉ। ਕੇਸਿੰਗ ਵਿੱਚ ਰੂੜੀ ਅਤੇ ਰੇਤਲੀ ਮਿੱਟੀ (4:1) ਹੁੰਦੀ ਹੈ ਜੋ ਕਿ 48 ਘੰਟਿਆਂ ਲਈ 4% ਫਾਰਮਲੇਨ ਦੇ ਘੋਲ ਨਾਲ ਜੀਵਾਣੂ ਰਹਿਤ ਕੀਤੀ ਜਾਂਦੀ ਹੈ। ਕੇਸਿੰਗ ਦੇ ਦੋ ਹਫਤੇ ਬਾਅਦ ਛੋਟੇ ਸਫੈਦ ਤਿਣਕੇ ਦਿਖਣੇ ਸ਼ੁਰੂ ਹੋ ਜਾਂਦੇ ਹਨ ਜੋ ਕਿ 4-5 ਦਿਨਾਂ ਵਿੱਚ ਖੁੰਬਾਂ ਦਾ ਆਕਾਰ ਲੈ ਲੈਂਦੇ ਹਨ। ਇਸ ਵੇਲੇ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਤੱਕ ਦਿੱਤਾ ਜਾਂਦਾ ਹੈ। ਖੁੰਬਾਂ ਹਰ ਰੋਜ਼ ਇੱਕ ਸਮੇਂ ਤੇ ਤੋੜੋ। ਖੁੰਬਾਂ ਨੂੰ ਟੋਪੀ ਤੋਂ ਪਕੜ ਕੇ ਹਲਕਾ ਜਿਹਾ ਦਬਾ ਕੇ ਘੁੰਮਾ ਕੇ ਉੱਪਰ ਖਿੱਚਿਆ ਜਾਵੇ। ਹੇਠਲਾ ਮਿੱਟੀ ਵਾਲਾ ਹਿੱਸਾ ਚਾਕੂ ਨਾਲ ਕੱਟ ਦਿਓ। ਖੁੰਬਾਂ ਦਾ 200 ਗਰਾਮ ਦਾ ਪੈਕਟ ਇੱਕ ਮੋਮੀ ਲਿਫਾਫੇ ਵਿੱਚ ਭਰ ਕੇ ਮੰਡੀ ਵਿੱਚ ਭੇਜੋ। 300 ਕਿਲੋ ਸੁੱਕੀ ਤੂੜੀ ਦੀ ਕੰਪੋਸਟ ਵਿੱਚੋਂ 30 ਦਿਨਾਂ ਵਿੱਚ ਲਗਭਗ 80-100 ਕਿਲੋ ਖੁੰਬਾਂ ਮਿਲ ਸਕਦੀਆਂ ਹਨ।

ਇਨ੍ਹਾਂ ਖੁੰਬਾਂ ਦਾ ਬੀਜ (ਸਪਾਨ) ਮਾਈਕ੍ਰੋਬਾਇਆਲੋਜੀ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਬਾਗਬਾਨੀ ਵਿਭਾਗ, ਹੁਸ਼ਿਆਰਪੁਰ, ਜਲੰਧਰ, ਪਟਿਆਲਾ ਅਤੇ ਸੰਗਰੂਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਖੁੰਬਾਂ ਦੀ ਕਾਸ਼ਤ ਦੀ ਸਿਖਲਾਈ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਇਸਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਲਈ ਜਾ ਸਕਦੀ ਹੈ।



ਗਾਜਰ ਘਾਹ ਅਣਵਾਹੀਆਂ ਜ਼ਮੀਨਾਂ ਅਤੇ ਖਾਲੀ ਪਏ ਥਾਵਾਂ ਉੱਤੇ ਹੋਣ ਵਾਲਾ ਇਕ ਖਤਰਨਾਕ ਨਦੀਨ ਹੈ, ਜਿਸ ਨੂੰ ਦੇਸ਼ ਵਿਚ ਵੱਖ-ਵੱਖ ਨਾਵਾਂ ਜਿਵੇਂ ਕਿ ਗਾਜਰ ਬੂਟੀ, ਨੂੰ /ਕਾਂਗਰਸ ਘਾਹ, ਸਫੈਦ ਟੋਪੀ ਅਤੇ ਪਾਰਥੀਨੀਅਮ ਬੂਟੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਪੰਜਾਬ ਵਿੱਚ ਵੀ ਇਸ ਨਦੀਨ ਦੀ ਬਹੁਤ ਭਰਮਾਰ ਹੋ ਚੁੱਕੀ ਹੈ ਅਤੇ ਫਰਵਰੀ ਮਹੀਨੇ ਤੋਂ ਲੈ ਕੇ ਨਵੰਬਰ ਤੱਕ ਦਾ ਸਮਾਂ ਇਸ ਘਾਹ ਦੇ ਉੱਗਣ ਲਈ ਢੁਕਵਾਂ ਰਹਿੰਦਾ ਹੈ। ਇਹ ਨਦੀਨ ਹਰ ਤਰ੍ਹਾਂ ਦੇ ਵਾਤਾਰਵਨ ਵਿਚ ਹੋ ਸਕਦਾ ਹੈ ਅਤੇ ਜੜ੍ਹਾਂ ਦਾ ਵਿਸਥਾਰ ਡੂੰਘਾ ਹੋਣ ਕਰਦੇ ਇਹ ਨਦੀਨ ਘੱਟ ਪਾਣੀ ਵਾਲੇ ਸਥਾਨ ਤੇ ਬੜੀ ਆਸਾਨੀ ਨਾਲ ਹੋ ਜਾਂਦਾ ਹੈ। ਕਾਂਗਰਸ ਘਾਹ ਦਾ ਸਭ ਤੋਂ ਜ਼ਿਆਦਾ ਵਾਧਾ ਬਰਸਾਤ ਦੇ ਮੌਸਮ ਵਿੱਚ ਹੁੰਦਾ ਹੈ ਅਤੇ ਆਪਣੇ ਆਸ ਪਾਸ ਕਿਸੇ ਹੋਰ ਬੂਟੇ ਨੂੰ ਉੱਗਣ ਨਹੀਂ ਦਿੰਦਾ।

## ਆਓ ਗਾਜਰ ਘਾਹ ਸਬੰਧੀ

# ਜਾਗਰੂਕਤਾ ਹਫਤਾ ਮਨਾਈਏ, ਇਸ ਨਦੀਨ ਤੋਂ ਛੁਟਕਾਰਾ ਪਾਈਏ

**ਵਿਵੇਕ ਕੁਮਾਰ ਫਤਿਹਜੀਤ ਸਿੰਘ ਸੇਖੋਂ ਅਤੇ ਰਮਿੰਦਰ ਸਿੰਘ ਘੁੰਮਣ,**
ਪੀ. ਏ. ਯੂ.-ਫਾਰਮ ਸਲਾਹਕਾਰ ਸੇਵਾ ਕੇਂਦਰ, ਫਰੀਦਕੋਟ (ਮੋ. 98556-03629)

ਗਾਜਰ ਘਾਹ ਅਣਵਾਹੀਆਂ ਜ਼ਮੀਨਾਂ ਅਤੇ ਖਾਲੀ ਪਏ ਥਾਵਾਂ ਉੱਤੇ ਹੋਣ ਵਾਲਾ ਇਕ ਖਤਰਨਾਕ ਨਦੀਨ ਹੈ, ਜਿਸ ਨੂੰ ਦੇਸ਼ ਵਿਚ ਵੱਖ-ਵੱਖ ਨਾਵਾਂ ਜਿਵੇਂ ਕਿ ਗਾਜਰ ਬੂਟੀ, ਨੂੰ /ਕਾਂਗਰਸ ਘਾਹ, ਸਫੈਦ ਟੋਪੀ ਅਤੇ ਪਾਰਥੀਨੀਅਮ ਬੂਟੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਪੰਜਾਬ ਵਿੱਚ ਵੀ ਇਸ ਨਦੀਨ ਦੀ ਬਹੁਤ ਭਰਮਾਰ ਹੋ ਚੁੱਕੀ ਹੈ ਅਤੇ ਫਰਵਰੀ ਮਹੀਨੇ ਤੋਂ ਲੈ ਕੇ ਨਵੰਬਰ ਤੱਕ ਦਾ ਸਮਾਂ ਇਸ ਘਾਹ ਦੇ ਉੱਗਣ ਲਈ ਢੁੱਕਵਾਂ ਰਹਿੰਦਾ ਹੈ। ਇਹ ਨਦੀਨ ਹਰ ਤਰ੍ਹਾਂ ਦੇ ਵਾਤਾਰਵਨ ਵਿਚ ਹੋ ਸਕਦਾ ਹੈ ਅਤੇ ਜੜ੍ਹਾਂ ਦਾ ਵਿਸਥਾਰ ਡੂੰਘਾ ਹੋਣ ਕਰਦੇ ਇਹ ਨਦੀਨ ਘੱਟ ਪਾਣੀ ਵਾਲੇ ਸਥਾਨ ਤੇ ਬੜੀ ਆਸਾਨੀ ਨਾਲ ਹੋ ਜਾਂਦਾ ਹੈ। ਕਾਂਗਰਸ ਘਾਹ ਦਾ ਸਭ ਤੋਂ ਜ਼ਿਆਦਾ ਵਾਧਾ ਬਰਸਾਤ ਦੇ ਮੌਸਮ ਵਿੱਚ ਹੁੰਦਾ ਹੈ ਅਤੇ ਆਪਣੇ ਆਸ ਪਾਸ ਕਿਸੇ ਹੋਰ ਬੂਟੇ ਨੂੰ ਉੱਗਣ ਨਹੀਂ ਦਿੰਦਾ।

### ਗਾਜਰ ਘਾਹ ਦੇ ਨੁਕਸਾਨ

★ ਇਹ ਨਦੀਨ ਮਨੁੱਖਾਂ ਵਿਚ ਕਈ ਤਰ੍ਹਾਂ ਦੇ ਰੋਗ ਜਿਵੇਂ ਕਿ ਐਲਰਜ਼ੀ, ਦਮਾ, ਬੁਖਾਰ, ਨਜ਼ਲਾ, ਜ਼ੁਕਾਮ ਅਤੇ ਚਮੜੀ ਦੇ ਰੋਗ ਉਤਪੰਨ ਕਰਦਾ ਹੈ।

★ ਪਸ਼ੂਆਂ ਲਈ ਵੀ ਇਹ ਨਦੀਨ ਖਤਰਨਾਕ ਹੈ ਕਿਉਂਕਿ ਇਸ ਦੇ ਸੰਪਰਕ ਵਿਚ ਆਉਣ ਤੇ ਪਸ਼ੂ ਵੀ ਚਮੜੀ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ।

★ ਇਸ ਤੋਂ ਇਲਾਵਾ ਇਸ ਨੂੰ ਖਾਣ ਨਾਲ ਪਸ਼ੂਆਂ ਵਿਚ ਦੁੱਧ ਦੇ ਉਤਪਾਦਨ ਵਿਚ ਕਮੀ ਅਤੇ ਦੁੱਧ ਦਾ ਸੁਆਦ ਖਰਾਬ ਹੋਣ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

★ ਜ਼ਿਆਦਾ ਮਾਤਰਾ ਵਿੱਚ ਇਸ ਨਦੀਨ ਦਾ ਸੇਵਨ ਕਈ ਵਾਰ ਪਸ਼ੂਆ ਲਈ ਜਾਨ ਲੇਵਾ ਵੀ ਸਾਬਤ ਹੋ ਸਕਦਾ ਹੈ।

★ ਫਸਲਾਂ ਵਿਚ ਉੱਗ ਕੇ ਇਹ ਨਦੀਨ ਫਸਲਾਂ ਦੇ ਝਾੜ ਵਿਚ ਨੁਕਸਾਨ ਕਰ ਸਕਦਾ ਹੈ।

★ ਇਹ ਨਦੀਨ ਬਹੁਤ ਸਾਰੇ ਕੀੜੇ ਮਕੌੜਿਆਂ, ਜਿਵੇਂ ਕਿ ਚਿੱਟੀ ਮੱਖੀ, ਮਿਲੀ ਬੱਗ ਆਦਿ ਲਈ ਬਦਲਵੀਂ ਪਨਾਹ ਵਜੋਂ ਕੰਮ ਕਰਦਾ ਹੈ।



### ਗਾਜਰ ਘਾਹ ਦੀ ਰੋਕਥਾਮ ਦੇ ਢੰਗ ਅਤੇ ਸਾਵਧਾਨੀਆਂ

ਗਾਜਰ ਘਾਹ ਦੀ ਰੋਕਥਾਮ ਦਾ ਸਭ ਤੋਂ ਵਧੀਆ ਤਰੀਕਾ ਇਹ ਦੇ ਬੂਟਿਆਂ ਨੂੰ ਫੁੱਲ ਆਉਣ ਤੋਂ ਪਹਿਲਾਂ ਵਾਰ-ਵਾਰ ਕੱਟ ਕੇ ਜਾਂ ਜੜ੍ਹ ਤੋਂ ਪੁੱਟ ਕੇ ਖਤਮ ਕੀਤਾ ਜਾਵੇ। ਇਸ ਤੋਂ ਬਾਅਦ ਪੁੱਟੇ ਹੋਏ ਬੂਟਿਆਂ ਨੂੰ ਇੱਕ ਥਾਂ ਤੇ ਇਕੱਠਾ ਕਰਕੇ ਸੁਕਾ ਕੇ ਅੱਗ ਲਗਾ ਦਿਓ। ਖਾਲੀ ਥਾਵਾਂ ਤੇ ਜ਼ਮੀਨ ਨੂੰ ਟਰੈਕਟਰ ਨਾਲ ਲਗਾਤਾਰ ਵਾਹੁੰਦੇ ਰਹੋ ਤਾਂ ਜੋ ਹੌਲੀ-ਹੌਲੀ ਇਹ ਨਦੀਨ ਖਤਮ ਹੋ ਜਾਵੇ। ਇਸ ਤੋਂ ਇਲਾਵਾ, ਇਸ ਦੀ ਰੋਕਥਾਮ ਲਈ 0.7 ਤੋਂ 1.0% ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) (700 ਗ੍ਰਾਮ ਤੋਂ 1 ਕਿਲੋਗ੍ਰਾਮ 100 ਲਿਟਰ ਪਾਣੀ ਵਿੱਚ ਘੋਲ ਕੇ) ਦਾ ਛਿੜਕਾਅ ਉੱਗਣ ਤੋਂ ਪਹਿਲਾਂ ਫਰਵਰੀ ਦੇ ਦੂਜੇ ਪੰਦਰਵਾੜੇ ਵਿੱਚ ਕਰੋ। ਐਟਰਾਟਾਫ ਦਾ ਛਿੜਕਾਅ 1 ਤੋਂ 2 ਪੱਤਿਆਂ ਦੀ ਹਾਲਤ ਵਿੱਚ ਵੀ ਕੀਤਾ ਜਾ ਸਕਦਾ ਹੈ। ਨਦੀਨ ਨੂੰ ਕੱਟਣ ਜਾਂ ਪੁੱਟਣ ਤੋਂ ਪਹਿਲਾਂ ਹੱਥਾਂ ਤੇ ਦਸਤਾਨੇ ਪਾਉਣੇ ਅਤੇ ਸਰੀਰ ਨੂੰ ਚੰਗੀ ਤਰ੍ਹਾਂ ਢੱਕ ਲੈਣਾ ਬਹੁਤ ਜ਼ਰੂਰੀ ਹੈ।

### ਰੋਕਥਾਮ ਲਈ ਵਿਉਂਤਬੰਦੀ

ਪੰਜਾਬ ਵਿੱਚ ਇਸ ਨਦੀਨ ਦੀ ਇੰਨੀ ਜ਼ਿਆਦਾ ਭਰਮਾਰ ਹੋ ਚੁੱਕੀ ਹੈ ਕਿ ਵਿਅਕਤੀਗਤ ਪੱਧਰ ਤੇ ਇਸਦੀ ਰੋਕਥਾਮ ਬਹੁਤ ਮੁਸ਼ਕਲ ਹੈ। ਇਸ ਲਈ ਇਕ ਮੁਹਿੰਮ ਪੂਰੇ ਦੇਸ਼ ਵਿਚ ਹਰ ਸਾਲ 16-22 ਅਗਸਤ ਨੂੰ 'ਕਾਂਗਰਸ ਘਾਹ ਸੰਬੰਧੀ ਜਾਗਰੂਕਤਾ ਹਫਤਾ' ਮਨਾ ਕੇ ਚਲਾਈ ਜਾਂਦੀ ਹੈ। ਇਸ ਮੁਹਿੰਮ ਦੇ ਤਹਿਤ ਲੋਕਾਂ ਨੂੰ 'ਕਾਂਗਰਸ ਘਾਹ ਦੇ ਮਾੜੇ ਪ੍ਰਭਾਵਾਂ ਬਾਰੇ ਅਤੇ ਇਸ ਦੀ ਰੋਕਥਾਮ ਦੀ ਵਿਉਂਤਬੰਦੀ ਕਰਨ ਲਈ ਵੱਖ ਵੱਖ ਤਰੀਕਿਆਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਨਦੀਨ ਬਾਰੇ ਆਮ ਲੋਕਾਂ ਨੂੰ ਅਖਬਾਰਾਂ, ਰਸਾਲਿਆਂ, ਰੇਡੀਓ ਅਤੇ ਟੀ.ਵੀ. ਦੇ ਮਾਧਿਅਮ ਰਾਹੀਂ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਇਸ ਦੇ ਬੁਰੇ ਪ੍ਰਭਾਵਾਂ ਬਾਰੇ ਇਸ ਦੀ ਰੋਕਥਾਮ ਦੇ ਢੰਗਾਂ ਬਾਰੇ ਲੋਕ ਜਾਣੂ ਹੋ ਸਕਣ। ਜ਼ਿਲ੍ਹਾ ਲੁਧਿਆਣਾ ਦਾ ਪਿੰਡ ਮਨਸੂਰਾਂ ਗਾਜਰ ਬੂਟੀ ਦੀ ਵਧੀਆ ਢੰਗ ਨਾਲ ਰੋਕਥਾਮ ਕਰਨ ਦੀ ਇਕ ਜਿਉਂਦੀ ਜਾਗਦੀ ਮਿਸਾਲ ਹੈ ਜਿਸ ਨੂੰ ਭਾਰਤ ਦਾ ਪਹਿਲਾ 'ਗਾਜਰ ਬੂਟੀ ਮੁਕਤ ਪਿੰਡ' ਬਣਨ ਦਾ ਮਾਣ ਹਾਸਿਲ ਹੋਇਆ ਹੈ।

ਇਸ ਤਰ੍ਹਾਂ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ ਅਤੇ ਆਮ ਲੋਕਾਂ ਦੇ ਸਾਂਝੇ ਉੱਦਮ ਨਾਲ ਹੀ ਇਸ ਨਦੀਨ ਨੂੰ ਕਾਬੂ ਕੀਤਾ ਜਾ ਸਕਦਾ ਹੈ।

---





## ਮਿੱਟੀ ਪਰਖ

# ਮਿੱਟੀ ਦੀ ਚੰਗੀ ਸਿਹਤ ਅਤੇ ਫ਼ਸਲ ਦੀ ਵੱਧ ਪੈਦਾਵਾਰ ਵੱਲ ਪਹਿਲਾ ਕਦਮ

ਸਾਲ ਵਿੱਚ ਲਗਾਤਾਰ ਦੋ ਤੋਂ ਤਿੰਨ ਫ਼ਸਲਾਂ ਲੈਣ ਨਾਲ ਜ਼ਮੀਨ ਵਿੱਚੋਂ ਖੁਰਾਕੀ ਤੱਤਾਂ ਦੀ ਉਪਲੱਬਧਤਾ ਕਾਫ਼ੀ ਘੱਟ ਜਾਂਦੀ ਹੈ, ਜਿਸ ਦਾ ਪਤਾ ਮਿੱਟੀ ਪਰਖ ਰਾਹੀਂ ਲਾਇਆ ਜਾਂਦਾ ਹੈ। ਹਾਲਾਂਕਿ ਬਹੁਤੇ ਕਿਸਾਨ ਵਿਗਿਆਨ ਵਿਧੀਆਂ ਦੀ ਬਜਾਏ, ਆਪਣੇ ਤਜ਼ਰਬੇ ਜਾਂ ਗੁਆਂਢੀਆਂ ਅਤੇ ਖਾਦ ਵਿਕ੍ਰੇਤਾਵਾਂ ਦੀ ਸਲਾਹ 'ਤੇ ਨਿਰਭਰ ਕਰਦੇ ਹਨ। ਇਹ ਪਹੁੰਚ ਫ਼ਸਲਾਂ ਦੀ ਵਿਸ਼ੇਸ਼ ਤੱਤਾਂ ਦੀਆਂ ਲੋੜਾਂ ਅਤੇ ਮਿੱਟੀ ਦੀ ਵਿਲੱਖਣ ਸੰਰਚਨਾ ਨੂੰ ਨਜ਼ਰ-ਅੰਦਾਜ਼ ਕਰਦੀ ਹੈ। ਲੋੜ ਨਾਲੋਂ ਘੱਟ ਖਾਦਾਂ ਦੀ ਵਰਤੋਂ ਨਾਲ ਕੀਟ-ਰੋਗ ਵੱਧਣ ਅਤੇ ਵਾਤਾਵਰਣ ਪ੍ਰਦੂਸ਼ਣ ਦਾ ਖਤਰਾ ਰਹਿੰਦਾ ਹੈ। ਇਨ੍ਹਾਂ ਤੋਂ ਇਲਾਵਾ ਲੋੜੀਂਦੇ ਤੱਤਾਂ ਦੀ ਕਮੀ ਦੇ ਦਿਖਣਯੋਗ ਲੱਛਣ ਕੇਵਲ ਉਦੋਂ ਹੀ ਸਾਹਮਣੇ ਆਉਂਦੇ ਹਨ, ਜਦ ਬੂਟਾ ਪਹਿਲਾਂ ਹੀ ਤਣਾਅ ਦੇ ਅਧੀਨ ਹੁੰਦਾ ਹੈ, ਜਿਸ ਕਾਰਨ ਸਮੇਂ ਸਿਰ ਖੁਰਾਕੀ ਤੱਤਾਂ ਦੀ ਪੂਰਤੀ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਇੱਕੋ ਖੇਤ ਵਿੱਚ ਵੀ ਮਿੱਟੀ ਦੇ ਗੁਣ ਵੱਖ-ਵੱਖ ਹੋ ਸਕਦੇ ਹਨ, ਜਿਸ ਨਾਲ ਫ਼ਸਲਾਂ ਦੀ ਖੁਰਾਕੀ ਤੱਤਾਂ ਦੀ ਲੋੜ ਪ੍ਰਭਾਵਿਤ ਹੁੰਦੀ ਹੈ। ਇਸ ਲਈ ਖਾਦ ਦੀ ਸਿਫਾਰਿਸ਼ ਅਨੁਮਾਨ ਦੇ ਆਧਾਰ 'ਤੇ ਨਹੀਂ, ਸਗੋਂ ਮਿੱਟੀ ਦੀ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ।

**ਮਿੱਟੀ ਪਰਖ ਦਾ ਸਮਾਂ** : ਮਿੱਟੀ ਪਰਖ ਫ਼ਸਲ ਬੀਜਣ ਅਤੇ ਖਾਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਮਿੱਟੀ ਦੀ ਸਥਿਤੀ ਦਾ ਅੰਦਾਜ਼ਾ ਲਗਾਉਣ ਲਈ ਕੀਤੀ ਜਾਂਦੀ ਹੈ। ਇਸ ਪਰਖ ਰਾਹੀਂ ਕਿਸਾਨ ਆਪਣੀ ਫ਼ਸਲ ਲਈ ਲੋੜੀਂਦੀਆਂ ਖਾਦਾਂ ਦੀ ਮਾਤਰਾ ਅਤੇ ਕਿਸਮ ਬਾਰੇ ਠੀਕ ਫੈਸਲਾ ਲੈ ਸਕਦੇ ਹਨ, ਜਿਸ ਨਾਲ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਫ਼ਸਲ ਉਤਪਾਦਨ ਵਿੱਚ ਵਾਧਾ ਯਕੀਨੀ ਬਣਦਾ ਹੈ। ਮਿੱਟੀ ਪਰਖ ਕਰਨ ਲਈ ਸਾਲ ਦਾ ਸਭ ਤੋਂ ਉਚਿੱਤ ਸਮਾਂ ਫ਼ਸਲ ਬੀਜਣ ਅਤੇ ਖੇਤ ਦੀ ਵਹਾਈ ਤੋਂ ਪਹਿਲਾਂ ਦਾ ਹੁੰਦਾ ਹੈ। ਪੰਜਾਬ ਦਾ ਮੁੱਖ ਫ਼ਸਲੀ ਚੱਕਰ ਝੋਨਾ-ਕਣਕ ਹੈ, ਇਸ ਲਈ ਮਿੱਟੀ ਪਰਖ ਲਈ ਸਭ ਤੋਂ ਢੁੱਕਵਾਂ ਸਮਾਂ ਕਣਕ ਦੀ ਵਢਾਈ ਤੋਂ ਬਾਅਦ ਅਤੇ ਝੋਨੇ ਦੀ ਬਿਜਾਈ ਤੋਂ ਪਹਿਲਾਂ ਮੰਨਿਆ ਜਾਂਦਾ ਹੈ।

**ਨਮੂਨੇ ਲੈਣ ਦੀ ਵਿਗਿਆਨਕ ਵਿਧੀ** : ਮਿੱਟੀ ਪਰਖ ਦੀ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਧਿਆਨ ਦੇਣ ਵਾਲੀ ਗੱਲ ਮਿੱਟੀ ਦੇ ਨਮੂਨੇ ਨੂੰ ਸਹੀ ਇਕੱਤਰ ਕਰਨ ਦੀ ਪ੍ਰਕਿਰਿਆ ਹੈ, ਕਿਉਂਕਿ ਖਾਦ ਦੀ ਸਿਫਾਰਿਸ਼ ਵਿਗਿਆਨਕ ਪ੍ਰਯੋਗਸ਼ਾਲਾ ਵਿੱਚ ਵਿਸ਼ਲੇਸ਼ਣ ਕੀਤੀ ਗਈ ਬਹੁਤ ਥੋੜ੍ਹੀ ਮਾਤਰਾ (ਅਕਸਰ 1 ਤੋਂ 10 ਗ੍ਰਾਮ) ਦੇ ਆਧਾਰ 'ਤੇ ਕੀਤੀ ਜਾਂਦੀ ਹੈ, ਇਸ ਕਰਕੇ ਇਹ ਜ਼ਰੂਰੀ ਹੈ ਕਿ ਨਮੂਨਾ ਪੂਰੇ ਖੇਤਰ ਦੀ ਠੀਕ ਤਰੀਕੇ ਨਾਲ ਨੁਮਾਇੰਦਗੀ ਕਰੇ। ਪਰਖ ਲਈ ਵਰਤੀ ਜਾਣ ਵਾਲੀ ਮਿੱਟੀ ਆਮ ਤੌਰ 'ਤੇ ਖੇਤ ਦੀ ਉਪਰਲੀ 6 ਇੰਚ ਮਿੱਟੀ ਦੀ ਨੁਮਾਇੰਦਗੀ ਕਰਦੀ ਹੋਣੀ ਚਾਹੀਦੀ ਹੈ, ਜੋ ਇੱਕ ਏਕੜ ਖੇਤਰ ਵਿੱਚ ਲਗਭਗ 10 ਲੱਖ ਕਿਲੋਗ੍ਰਾਮ ਤੱਕ ਹੋ ਸਕਦੀ ਹੈ। ਖਾਦ ਦੀ ਸਿਫਾਰਿਸ਼ ਲਈ ਮਿੱਟੀ ਦੇ ਨਮੂਨੇ ਖੇਤ ਵਿੱਚੋਂ ਛੇ ਇੰਚ ਦੀ ਗਹਿਰਾਈ ਤੱਕ ਲਏ ਜਾਂਦੇ ਹਨ, ਕਿਉਂਕਿ ਇਸ ਹਿੱਸੇ ਵਿੱਚ ਜੜ੍ਹਾਂ ਸਭ ਤੋਂ ਵੱਧ ਵਿਕਸਿਤ ਹੁੰਦੀਆਂ ਹਨ ਅਤੇ ਖਾਦਾਂ ਦੀ ਵਰਤੋਂ ਅਤੇ ਖੇਤੀ ਦੀਆਂ ਕਿਰਿਆਵਾਂ ਮੁੱਖ ਤੌਰ 'ਤੇ ਹੁੰਦੀਆਂ ਹਨ।

ਨਮੂਨਾ ਇਕੱਠਾ ਕਰਦੇ ਸਮੇਂ ਉੱਪਰੀ ਸਤ੍ਹਾ 'ਤੇ ਮੌਜੂਦ ਰਹਿੰਦ-ਖੂੰਹਦ ਨੂੰ ਖੁਰਪੇ ਦੀ ਮੱਦਦ ਨਾਲ ਹਟਾ ਦਿੱਤਾ ਜਾਂਦਾ ਹੈ। ਖੇਤ ਵਿੱਚੋਂ 7-8 ਵੱਖ-ਵੱਖ ਸਥਾਨਾਂ ਤੋਂ ਕੱਟ ਲਗਾ ਕੇ ਮਿੱਟੀ ਦੀ ਇੱਕ ਇੰਚ (ਉਪਰੋਂ ਲੈ ਕੇ 15 ਸੈਂਟੀਮੀਟਰ ਦੀ ਗਹਿਰਾਈ ਤੱਕ) ਨੂੰ ਖੁਰਚ ਕੇ ਸਾਫ਼ ਬਾਲਟੀ ਜਾਂ ਭਾਂਡੇ ਵਿੱਚ ਰੱਖਿਆ ਜਾਂਦਾ ਹੈ। ਇੱਕ ਉਚਿੱਤ ਨਮੂਨਾ ਪ੍ਰਾਪਤ ਕਰਨ ਲਈ ਇਕੱਠੀ ਕੀਤੀ ਗਈ ਮਿੱਟੀ ਨੂੰ ਚੰਗੀ ਤਰ੍ਹਾਂ ਮਿਲਾ ਕੇ ਕਵਾਟਰਿੰਗ ਵਿਧੀ ਰਾਹੀਂ ਲਗਭਗ 500 ਗ੍ਰਾਮ ਦਾ ਨਮੂਨਾ ਬਣਾਓ ਕਵਾਟਰਿੰਗ ਵਿਧੀ ਵਿੱਚ ਮਿੱਟੀ ਨੂੰ ਚੰਗੀ ਤਰ੍ਹਾਂ ਮਿਲਾ ਕੇ ਚਾਰ ਬਰਾਬਰ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਫਿਰ ਦੋ ਵਿਰੋਧੀ ਹਿੱਸਿਆਂ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਇਹ ਪ੍ਰਕਿਰਿਆ ਉਸ ਵੇਲੇ ਤੱਕ ਦੁਹਰਾਈ ਜਾਂਦੀ ਹੈ, ਜਦ ਤੱਕ ਲੋੜੀਂਦੀ ਮਾਤਰਾ (500 ਗ੍ਰਾਮ) ਨਹੀਂ ਮਿਲ ਜਾਂਦੀ। ਜੇਕਰ ਮਿੱਟੀ ਨਮੀਂ ਵਾਲੀ ਹੋਵੇ ਤਾਂ ਇਸ ਨੂੰ ਛਾਂ ਵਿੱਚ ਸੁਕਾ ਕੇ ਕੱਪੜੇ ਦੇ ਥੈਲੇ ਵਿੱਚ ਭਰ ਲਵੋ। ਮਿੱਟੀ ਦਾ ਨਮੂਨਾ ਥੈਲੇ ਵਿੱਚ ਭਰਨ ਉਪਰੰਤ ਥੈਲੇ ਉਪਰ ਮਾਰਕਰ ਨਾਲ ਆਪਣਾ ਨਾਂਅ, ਪਿਤਾ ਦਾ ਨਾਂਅ, ਖੇਤ ਦਾ ਨੰਬਰ, ਪਿੰਡ, ਬਲਾਕ, ਡਾਕਖਾਨਾ ਅਤੇ ਜ਼ਿਲ੍ਹਾ ਲਿਖੋ। ਇਹ ਸਾਰਾ ਵੇਰਵਾ ਇੱਕ ਕਾਗਜ਼ 'ਤੇ ਵੀ ਸਾਫ਼-ਸਾਫ਼ ਲਿਖ ਕੇ ਥੈਲੀ ਵਿੱਚ ਪਾ ਦਿਉ। ਇਸ ਸਾਰੀ ਸੂਚਨਾ ਤੋਂ ਇਲਾਵਾ ਖੇਤ ਵਿੱਚ ਅਪਣਾਏ ਫ਼ਸਲੀ ਚੱਕਰ, ਵਰਤੀਆਂ ਗਈਆਂ ਖਾਦਾਂ ਦੀ ਸੰਖੇਪ ਜਾਣਕਾਰੀ, ਸਿੰਚਾਈ ਸਾਧਨ ਪਰਚੀ 'ਤੇ ਲਿਖ ਕੇ ਮਿੱਟੀ ਪਰਖ ਪ੍ਰਯੋਗਸ਼ਾਲਾ ਵਿੱਚ ਜਮ੍ਹਾਂ ਕਰਵਾ ਦਿਉ।

**ਮਿੱਟੀ ਦਾ ਨਮੂਨਾ ਲੈਂਦੇ ਸਮੇਂ ਸਾਵਧਾਨੀਆਂ** : ਮਿੱਟੀ ਪਰਖ ਲਈ ਨਮੂਨਾ ਲੈਂਦੇ ਸਮੇਂ ਕੁਝ ਖਾਸ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ, ਤਾਂ ਜੋ ਨਤੀਜੇ ਸਹੀ ਆਉਣ।

**ਹੇਠਾਂ ਦਿੱਤੀਆਂ ਸਥਿਤੀਆਂ ਤੋਂ ਮਿੱਟੀ ਦਾ ਨਮੂਨਾ ਨਹੀਂ ਲੈਣਾ ਚਾਹੀਦਾ :-**

★ ਜਿੱਥੇ ਹਾਲ ਹੀ ਵਿੱਚ ਰੂੜੀ ਜਾਂ ਹੋਰ ਕਿਸਮ ਦੀ ਖਾਦ ਪਾਈ ਗਈ ਹੋਵੇ।

★ ਪੁਰਾਣੀਆਂ ਵੱਟਾਂ ਜਾਂ ਜਿੱਥੇ ਮਿੱਟੀ ਦੀ ਸਥਿਤੀ ਸਧਾਰਨ ਤੋਂ ਵੱਖਰੀ ਹੋਵੇ।

★ ਉਬੜ-ਖਾਬੜ ਜਾਂ ਠੋਸ/ਨਰਮ ਭੂਮੀ ਵਾਲੇ ਖੇਤਰ।

★ ਅਜਿਹੀਆਂ ਥਾਂਵਾਂ ਤੋਂ ਜਿੱਥੇ ਪਾਣੀ ਖੜ੍ਹਾ ਰਹਿੰਦਾ ਹੋਵੇ।

★ ਬਿਲਕੁਲ ਖਰਾਬ ਜਾਂ ਅਸਧਾਰਨ ਭੂਮੀ ਵਾਲੇ ਹਿੱਸੇ।

ਇਨ੍ਹਾਂ ਸਾਵਧਾਨੀਆਂ ਨਾਲ ਮਿੱਟੀ ਦਾ ਨਮੂਨਾ ਸਹੀ ਢੰਗ ਨਾਲ ਲਿਆ ਜਾ ਸਕਦਾ ਹੈ, ਜੋ ਕਿ ਵਿਗਿਆਨਕ ਪਰਖ ਲਈ ਢੁੱਕਵਾਂ ਹੁੰਦਾ ਹੈ।

# ਮੱਝਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਖ਼ੁਰਾਕੀ ਪ੍ਰਬੰਧ

ਰਵਿੰਦਰ ਸਿੰਘ ਗਰੇਵਾਲ ਅਤੇ ਜਸਪਾਲ ਸਿੰਘ ਹੁੰਦਲ, ਪਸ਼ੂ ਆਹਾਰ ਵਿਭਾਗ, ਗਡਵਾਸੂ, ਲੁਧਿਆਣਾ



ਪੌਸ਼ਟਿਕ ਖ਼ੁਰਾਕ ਡੇਅਰੀ ਦੇ ਧੰਦੇ ਦੀ ਸਫਲਤਾ ਅਤੇ ਪਸ਼ੂਆਂ ਦੀ ਸਿਹਤ ਦੀ ਅਹਿਮ ਕੜੀ ਹੈ। ਪਸ਼ੂ ਦੀਆਂ ਜ਼ਰੂਰਤਾਂ ਮੁਤਾਬਿਕ ਖ਼ੁਰਾਕ ਦੇਣ ਨਾਲ ਉਸ ਦੇ ਅਨੁਵੰਸ਼ਿਕੀ ਗੁਣਾਂ ਦਾ ਪੂਰਾ ਲਾਭ ਲਿਆ ਜਾ ਸਕਦਾ ਹੈ ਅਤੇ ਪ੍ਰਤੀ ਖੰਡ ਖਰਚੇ ਪਿੱਛੇ ਵਧੇਰੇ ਆਮਦਨੀ ਲਈ ਜਾ ਸਕਦੀ ਹੈ। ਪਸ਼ੂਆਂ ਦੇ ਨਸਲ ਸੁਧਾਰ ਪ੍ਰੋਗਰਾਮ ਦੁਆਰਾ ਪ੍ਰਤੀ ਪਸ਼ੂ ਦੁੱਧ ਉਤਪਾਦਨ ਅਤੇ ਸਰੀਰਕ ਵਾਧੇ ਦੀ ਦਰ ਵਿੱਚ ਵਾਧਾ ਹੋਇਆ ਹੈ। ਜ਼ਿਆਦਾਤਰ ਪਸ਼ੂ ਜਾਂ ਤਾਂ ਦੁੱਧ ਵਿੱਚ ਹੁੰਦੇ ਹਨ ਜਾਂ ਫਿਰ ਗਰਭ ਵਿੱਚ ਬੱਚੇ ਨੂੰ ਪਾਲ ਰਹੇ ਹੁੰਦੇ ਹਨ ਅਤੇ ਇਹ ਦੋਵੇਂ ਕੰਮ ਸਮਾਨੰਤਰ ਵੀ ਚਲਦੇ ਹਨ। ਪਸ਼ੂਆਂ ਦੀਆਂ ਖ਼ੁਰਾਕੀ ਜ਼ਰੂਰਤਾਂ ਇਕ ਗੁੰਝਲਦਾਰ ਵਿਸ਼ਾ ਹੈ, ਪਰ ਇਸ ਨੂੰ ਸੌਖੀ ਤਰ੍ਹਾਂ ਸਮਝਣ ਲਈ ਅਸੀਂ ਕਹਿ ਸਕਦੇ ਹਾਂ ਕਿ ਇਹ ਮੁੱਖ ਰੂਪ ਵਿੱਚ ਹੇਠ ਲਿਖੀਆਂ ਗੱਲਾਂ ਤੇ ਨਿਰਭਰ ਹੁੰਦੀਆਂ ਹਨ :

1. ਉਮਰ ਜਾਂ ਵਾਧਾ ਦਰ 2. ਦੁੱਧ ਦੀ ਪੈਦਾਵਾਰ 3. ਗੱਭਣ ਸਥਿਤੀ

**ਉਮਰ ਜਾਂ ਵਾਧਾ ਦਰ** : ਨਵਾਂ ਜੰਮਿਆ ਕਟੜੂ ਦਾ ਰਿਊਮਿਨ ਵਿਕਸਿਤ ਨਹੀਂ ਹੁੰਦਾ ਅਤੇ ਇਸ ਦੀ ਪਾਚਣ ਪ੍ਰਣਾਲੀ ਬਾਲਕ ਪਸ਼ੂਆਂ ਤੋਂ ਭਿੰਨ ਅਤੇ ਸਧਾਰਨ ਮਿਹਦੇ ਵਾਲੇ ਪਸ਼ੂਆਂ ਜਿਵੇਂ ਕਿ ਸੂਰ ਅਤੇ ਮੁਰਗੀ ਵਾਂਗਰ ਹੁੰਦੀ ਹੈ। ਪਹਿਲੇ ਚਾਰ ਮਹੀਨੇ ਦਿੱਤੀ ਖ਼ੁਰਾਕ ਦਾ ਪਹਿਲੀ ਵਾਰ ਸੂਣ ਦੀ ਉਮਰ ਦੇ ਸਿੱਧਾ ਅਸਰ ਪੈਂਦਾ ਹੈ। ਨਵੇਂ ਜੰਮੇ ਕਟੜੂ ਨੂੰ ਪਹਿਲੇ 6 ਘੰਟੇ ਵਿੱਚ ਮਾਂ ਦਾ ਬਹੁਲਾ ਦੁੱਧ, ਸਰੀਰਕ ਭਾਰ ਦਾ 10ਵਾਂ ਹਿੱਸਾ (3-3.5 ਕਿਲੋ) ਦੇਣਾ ਬਹੁਤ ਜ਼ਰੂਰੀ ਹੈ। ਦੁੱਧ ਪਿਲਾਉਣ ਦਾ ਵੇਰਵਾ ਹੇਠਾਂ ਸਾਰਣੀ-1 ਵਿੱਚ ਦਿੱਤਾ ਗਿਆ ਹੈ।

ਸਾਰਣੀ-1 : ਕੱਟੜੂ/ਵਛੜੂ ਨੂੰ ਦੁੱਧ ਪਿਲਾਉਣ ਅਤੇ ਖ਼ੁਰਾਕ ਦਾ ਚਾਰਟ।

| ਉਮਰ (ਦਿਨ) | ਦੁੱਧ ਦੀ ਮਾਤਰਾ | ਕਿਲੋ/ਦਿਨ ਕਾਫ ਸਟਾਰਟਰ | ਕਿਲੋ/ਦਿਨ ਹਰਾ ਚਾਰਾ |
|---|---|---|---|
| 0-5 | 3.5 | --- | --- |
| 6-30 | 4 | ਜਿੰਨਾ ਖਾ ਲਵੇ | --- |
| 31-60 | 3 | ਜਿੰਨਾ ਖਾ ਲਵੇ | ਜਿੰਨਾ ਖਾ ਲਵੇ |
| 61-105 | 2 | 1 | ਜਿੰਨਾ ਖਾ ਲਵੇ |
| 102-120 | 2 | 2 | ਜਿੰਨਾ ਖਾ ਲਵੇ |

ਪਹਿਲੇ ਚਾਰ ਮਹੀਨੇ ਵਿੱਚ ਕੱਟੀ ਦੇ ਲੇਵੇ ਵਿੱਚ ਦੁੱਧ ਬਣਾਉਣ ਵਾਲੇ ਸੈੱਲ ਬਣਦੇ ਹਨ। ਇਸ ਸਮੇਂ ਦੌਰਾਨ ਪ੍ਰੋਟੀਨ, ਧਾਤਾਂ, ਵਿਟਾਮਿਨ ਆਦਿ ਦੀ ਘਾਟ ਲੇਵੇ ਦੇ ਸੈਲਾਂ ਤੇ ਮਾੜਾ ਅਸਰ ਪਾਉਂਦੀ ਹੈ ਜੋ ਕਿ ਸੂਣ ਤੋਂ ਬਾਅਦ ਦੁੱਧ ਦੀ ਘੱਟ ਪੈਦਾਵਾਰ ਦੇ ਰੂਪ ਵਿੱਚੋਂ ਸਾਹਮਣੇ ਆਉਂਦੀ ਹੈ। ਕਾਫ-ਸਟਾਰਟਰ ਵਿੱਚ ਪੋਟੀਨ ਪੂਰੀ ਕਰਨ ਲਈ ਸੋਇਆਬੀਨ ਮੀਲ ਅਤੇ ਮੂੰਗਫਲੀ ਦੀ ਵਰਤੋਂ ਕੀਤੀ ਜਾਂਦੀ ਹੈ। ਸਰੋਂ ਦੀ ਖੱਲ ਵਿੱਚ ਜ਼ਹਿਰੀਲੇ, ਤੱਤ ਪਰੂਸਿਕ ਐਸਿਡ ਅਤੇ ਗਲੂਕੋਸਿਨਲੇਟਸ ਅਤੇ ਵੜੇਵਿਆਂ ਦੀ ਖਲ ਵਿੱਚ ਗੋਸੀਪੋਲ ਅਤੇ ਅਧਿਕ ਰੇਸ਼ਾ ਹੁੰਦੇ ਹਨ ਜਿਸ ਕਰਕੇ ਵਾਧੇ ਦੀ ਦਰ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਇਸ ਕਰਕੇ ਇਨ੍ਹਾਂ ਖਲਾਂ ਦੀ ਵਰਤੋਂ ਕਾਫ-ਸਟਾਰਟਰ ਵਿੱਚ ਨਹੀਂ ਕੀਤੀ ਜਾਂਦੀ। ਕਾਫ-ਸਟਾਰਟਰ ਦੀ ਬਣਤਰ ਅਤੇ ਲੋੜੀਂਦੇ ਖ਼ੁਰਾਕੀ ਤੱਤ ਸਾਰਣੀ-2 ਵਿੱਚ ਦਿੱਤੇ ਗਏ ਹਨ।

**ਸਾਰਣੀ-2** : ਕਾਫ-ਸਟਾਰਟਰ ਦੀ ਬਣਤਰ ਅਤੇ ਲੋੜੀਂਦੇ ਖ਼ੁਰਾਕੀ ਤੱਤ

| **ਖ਼ੁਰਾਕੀ ਵਸਤ** | **ਕਿੱਲੋ/ਕੁੰ:** |
|---|---|
| ਮੱਕੀ | 40.75 |
| ਸੋਇਆਬੀਨ ਮੀਲ | 22 |
| ਮੂੰਗਫਲੀ ਦੀ ਖਲ | 8 |
| ਚੋਕਰ | 10.13 |
| ਚੌਲਾਂ ਦੀ ਪਾਲਿਸ਼ | 10 |
| ਪ੍ਰੋਬਾਇਉਟਿਕਸ (ਯੀਸਟ) | 0.15 |
| ਵਿਟਾਮਿਨ $AD_3$ | 0.04 |
| ਬਿਊਟਾਇਰਿਕ ਐਸਿਡ | 0.01 |
| ਧਾਤਾਂ ਦਾ ਚੂਰਾ | 2 |
| ਬਨਸਪਤੀ ਤੇਲ | 1 |
| ਲੂਣ | 1 |
| ਸ਼ੀਰਾ | 5 |
| **ਖ਼ੁਰਾਕੀ ਤੱਤ, ਸੁੱਕੇ ਮਾਦੇ ਦੇ ਆਧਾਰ ਤੇ** | |
| ਪ੍ਰੋਟੀਨ % | 20 |
| ਕਿਰਿਆਸ਼ੀਲ ਊਰਜਾ, ਮੈਗਾ ਕੈਲੋਰੀ/ਕਿਲੋ | 2.46 |
| ਫੈਟ % | 4 |
| ਕੈਲਸ਼ੀਅਮ % | 0.6 |
| ਫਾਸਫੋਰਸ % | 0.4 |

ਦੁੱਧ ਦੇ ਨਾਲ ਕਾਫ-ਸਟਾਰਟਰ ਸ਼ਾਮਿਲ ਕਰਨ ਦੁਆਰਾ ਪਹਿਲੇ ਚਾਰ ਮਹੀਨੇ ਵਿੱਚ ਇੱਕ ਕੱਟੀ ਦੇ ਵਾਧੇ ਦੀ ਦਰ 400 ਗ੍ਰਾਮ/ਦਿਨ ਲਈ ਜਾ ਸਕਦੀ ਹੈ। ਪੰਜਵੇਂ ਮਹੀਨੇ ਤੋਂ ਬਾਅਦ ਵਾਧੇ ਦੀ ਦਰ ਇਕ ਦਮ ਵਧਦੀ ਹੈ। ਇਹ ਕੱਟੀ ਵਿੱਚ 700 ਗ੍ਰਾਮ/ਦਿਨ ਹੋ ਸਕਦੀ ਹੈ। ਇਸ ਤਰ੍ਹਾਂ ਦੇ ਵਾਧੇ ਦੁਆਰਾ ਕੱਟੀ 20 ਮਹੀਨੇ ਤੇ ਹੇਹੇ ਦੇ ਲੱਛਣ ਦਿਖਾਉਣ ਲੱਗ ਜਾਂਦੀਆਂ ਹਨ। ਜਦੋਂ ਕੱਟੀ ਦਾ ਭਾਰ ਉਸ ਦੇ ਅਨੁਮਾਨਿਤ ਬਾਲਗ ਭਾਰ ਦਾ 60% ਹੋ ਜਾਵੇ ਤਾਂ ਉਸ ਨੂੰ ਗੱਭਣ ਕਰਵਾਇਆ ਜਾ ਸਕਦਾ ਹੈ। ਇਸ ਤੇਜ਼ ਵਾਧੇ ਦੇ ਸਮੇਂ ਦੌਰਾਨ ਲੋੜ ਤੋਂ ਜ਼ਿਆਦਾ ਊਰਜਾ ਦੇਣ ਕਾਰਨ ਸਰੀਰ ਅਤੇ ਲੇਵੇ ਵਿੱਚ ਜ਼ਿਆਦਾ ਚਰਬੀ ਜਮਾਂ ਹੋ ਜਾਂਦੀ ਹੈ ਜਿਸ ਕਾਰਨ ਦੁੱਧ ਉਤਪਾਦਨ ਤੇ ਮਾੜਾ ਅਸਰ ਪੈ ਸਕਦਾ ਹੈ। ਯੂਨੀਵਰਸਿਟੀ ਵਿੱਚ ਕੀਤੇ ਤਜ਼ਰਬਿਆਂ ਤੋਂ ਇਹ ਪਤਾ ਲੱਗਿਆ ਹੈ ਕਿ ਕੁੱਲ-ਮਿਸ਼ਰਤ ਖ਼ੁਰਾਕ ਵਿੱਚ 15.5% ਪ੍ਰੋਟੀਨ ਅਤੇ ਪ੍ਰੋਟੀਨ ਕਿਰਿਆਸ਼ੀਲ ਊਰਜਾ ਦਾ ਅਨੁਪਾਤ 62 ਗ੍ਰਾਮ ਪ੍ਰੋਟੀਨ ਪ੍ਰਤੀ ਮੈਗਾਕੈਲੋਰੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕੱਟੀ ਦੀ ਵਾਧਾ ਦਰ ਤੇਜ਼ ਰਹਿੰਦੀ ਹੈ ਅਤੇ ਲੇਵੇ ਵਿਚ ਵਾਧੂ ਚਰਬੀ ਵੀ ਨਹੀਂ ਜਮਾਂ ਹੁੰਦੀ।

ਮੱਝਾਂ ਦੀਆਂ ਕੱਟੀਆਂ ਵਿੱਚ ਜ਼ਿਆਦਾ ਖ਼ੁਰਾਕ ਦੇਣ ਕਾਰਨ ਲੇਵੇ ਵਿੱਚ ਚਰਬੀ, ਦੋਗਲੀਆਂ ਵੱਛੀਆਂ ਦੇ ਮੁਕਾਬਲੇ ਘੱਟ ਜਮਾਂ ਹੁੰਦੀ ਹੈ। ਇਸ ਤੋਂ ਇਹ ਨਤੀਜਾ ਵੀ ਕੱਢਿਆ ਜਾ ਸਕਦਾ ਹੈ ਕਿ ਕੱਟੀਆਂ ਵਿੱਚ ਵਾਧੇ ਦੀ ਦਰ, ਦੁੱਧ ਉਤਪਾਦਨ ਤੇ ਮਾੜਾ ਅਸਰ ਪਾਏ ਬਗੈਰ, ਜ਼ਿਆਦਾ ਲਈ ਜਾ ਸਕਦੀ ਹੈ। ਇਸ ਨਤੀਜੇ ਨੂੰ ਸਾਬਤ ਕਰਨ ਲਈ ਹੋਰ ਖੋਜਾਂ ਦੀ ਲੋੜ ਹੈ।

**ਦੁੱਧ ਦੇਣ ਵਾਲੇ ਪਸ਼ੂਆਂ ਦੀਆਂ ਖ਼ੁਰਾਕੀ ਜ਼ਰੂਰਤਾਂ** : ਦੁੱਧ ਇਕ ਪੌਸ਼ਟਿਕ ਭੋਜਨ ਹੈ, ਜਿਸ ਨੂੰ ਪੈਦਾ ਕਰਨ ਲਈ ਕਾਫੀ ਮਾਤਰਾ ਵਿੱਚ ਖ਼ੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ। ਊਰਜਾ, ਪ੍ਰੋਟੀਨ, ਕੈਲਸ਼ੀਅਮ ਅਤੇ ਫਾਸਫੋਰਸ ਦੀ ਲੋੜ ਦੁੱਧ ਉਤਪਾਦਨ ਅਤੇ ਸਰੀਰਕ ਭਾਰ ਤੇ ਨਿਰਭਰ ਕਰਦੀ ਹੈ। ਪ੍ਰੋਟੀਨ ਲਈ ਫਲੀਦਾਰ ਚਾਰੇ ਅਤੇ ਖਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਹਮੇਸ਼ਾਂ ਖਿਆਲ ਰੱਖੋ ਕਿ ਘੱਟੋ-ਘੱਟ ਦੋ ਤਰ੍ਹਾਂ ਦੀਆਂ ਖਲਾਂ ਜ਼ਰੂਰ ਵਰਤੋ। ਖਲਾਂ ਵਿੱਚ ਸਰੋਂ ਦੀ ਖਲ, ਮੂੰਗਫਲੀ ਦੀ ਖਲ,



ਵੜੇਵਿਆਂ ਦੀ ਖਲ, ਸੋਇਆਬੀਨ ਮੀਲ, ਸੂਰਜਮੁਖੀ ਦੀ ਖਲ ਆਦਿ ਖਲਾਂ ਦੁਆਰਾ ਪ੍ਰੋਟੀਨ ਦੀ ਜ਼ਰੂਰਤ ਪੂਰੀ ਕੀਤੀ ਜਾ ਸਕਦੀ ਹੈ। ਊਰਜਾ ਲਈ ਪਸ਼ੂਆਂ ਨੂੰ ਖ਼ੁਰਾਕ ਵਿੱਚ ਆਨਾਜਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜ਼ਿਆਦਾ ਆਨਾਜ (4 ਕਿਲੋ/ਦਿਨ ਤੋਂ ਜ਼ਿਆਦਾ) ਦੇਣ ਨਾਲ ਪਸ਼ੂ ਦੇ ਮਿਹਦੇ (ਰਿਊਮਿਨ) ਵਿੱਚ ਤੇਜ਼ਾਬੀਪਨ ਦੀ ਸਮੱਸਿਆ ਆਉਂਦੀ ਹੈ। ਇਸ ਕਾਰਨ ਪਸ਼ੂ ਦੀ ਭੁੱਖ ਅਤੇ ਦੁੱਧ ਦੀ ਫੈਟ ਘਟਦੀ ਹੈ ਅਤੇ ਲੰਗੜਾਪਨ ਵਧਦਾ ਹੈ। ਇਹ ਵੇਖਿਆ ਗਿਆ ਹੈ ਕਿ ਵੰਡ ਅਤੇ ਚਾਰਾ ਵੱਖੋ ਵੱਖਰਾ ਪਾਉਣ ਕਾਰਨ ਰਿਊਮਿਨ ਵਿੱਚ ਤੇਜ਼ਾਬੀਪਨ ਹੁੰਦਾ ਹੈ। ਇਸ ਸਮੱਸਿਆ ਤੋਂ ਬਚਣ ਲਈ ਕੁੱਲ-ਮਿਸ਼ਰਿਤ ਖ਼ੁਰਾਕ ਬਹੁਤ ਕਾਰਗਰ ਸਿੱਧ ਹੁੰਦੀ ਹੈ। ਇਸ ਵਿੱਚ ਹਰਾ ਚਾਰਾ/ਸਾਈਲੇਜ, ਵੰਡ ਅਤੇ ਤੂੜੀ ਨੂੰ ਰਲਾ ਕੇ ਦਿੱਤਾ ਜਾਂਦਾ ਹੈ, ਜਿਸ ਕਾਰਨ ਪਸ਼ੂ ਵੰਡ ਨੂੰ ਇਕੋ ਸਮੇਂ ਤੇਜ਼ੀ ਨਾਲ ਨਹੀਂ ਖਾ ਸਕਦਾ। ਕੁੱਲ-ਮਿਸ਼ਰਿਤ ਖ਼ੁਰਾਕ ਦੁਆਰਾ ਨਾ ਸਿਰਫ ਖਾਣ ਦੀ ਸਮਰੱਥਾ ਵਿੱਚ ਵਾਧਾ ਹੁੰਦਾ ਹੈ ਬਲਕਿ ਦੁੱਧ ਉਤਪਾਦਨ, ਫੈਟ % ਵਿੱਚ ਵਾਧਾ ਅਤੇ ਲੰਗੜਾਪਨ ਵਿੱਚ ਕਮੀਂ ਆਉਂਦੀ ਹੈ। ਦੁੱਧ ਵਾਲੀਆਂ ਮੱਝਾਂ ਲਈ ਲੋੜੀਂਦੇ ਖ਼ੁਰਾਕੀ ਤੱਤ ਹੇਠਾਂ ਸਾਰਣੀ 3 ਵਿੱਚ ਦਿੱਤੇ ਗਏ ਹਨ।

ਉੱਪਰ ਦਿੱਤੀ ਸਾਰਣੀ ਮੁਤਾਬਿਕ ਦੁਧਾਰੂ ਪਸ਼ੂ ਦੀ ਖ਼ੁਰਾਕ ਬਣਾਈ ਜਾ ਸਕਦੀ ਹੈ। ਵੰਡ ਪਸ਼ੂ ਖ਼ੁਰਾਕ ਦਾ 40-50% ਤੱਕ ਹੀ ਹੁੰਦਾ ਹੈ ਅਤੇ ਬਾਕੀ ਹਿੱਸਾ ਚਾਰੇ ਤੋਂ ਆਉਂਦਾ ਹੈ। ਇਸ ਕਰਕੇ ਜਦੋਂ ਵੀ ਦੁਧਾਰੂ ਪਸ਼ੂਆਂ ਦੀ ਖ਼ੁਰਾਕ ਦੀ ਗੱਲ ਆਉਂਦੀ ਹੈ ਤਾਂ ਵੰਡ ਅਤੇ ਚਾਰੇ ਦੀ ਸੰਯੁਕਤ ਤੌਰ ਤੇ ਗੱਲ ਕਰਨੀ ਬਣਦੀ ਹੈ। ਹਰੇ ਚਾਰੇ ਦੀ ਗੁਣਵੱਤਾ ਮੁਤਾਬਕ ਹੀ ਵੰਡ ਦੀ ਬਣਤਰ ਨਿਰਧਾਰਿਤ ਹੁੰਦੀ ਹੈ। ਉਪਰ ਦਿੱਤੀ ਉਦਾਹਰਨ ਮੁਤਾਬਿਕ ਇਕ ਦਿਨ ਦੀ ਖ਼ੁਰਾਕ ਦੀ ਲੋੜ ਸਾਰਣੀ-4 ਵਿੱਚ ਦਿੱਤੀ ਗਈ ਹੈ।

**ਸਾਰਣੀ 3** : ਮੱਝਾਂ ਲਈ ਲੋੜੀਂਦੇ ਖ਼ੁਰਾਕੀ ਤੱਤ।

| ਮੱਝ | ਸੁੱਕਾ ਮਾਦਾ ਕਿਲੋ/ਦਿਨ | ਪ੍ਰੋਟੀਨ ਕਿਲੋ/ਦਿਨ | ਕੁੱਲ ਪਚਣਯੋਗ ਤੱਤ ਕਿਲੋ/ਦਿਨ |
|---|---|---|---|
| ਦੁੱਧ 12 ਕਿਲੋ/ਦਿਨ ਭਾਰ 600 ਕਿਲੋ | 15.5 | 1.74 | 9.05 |

* ਪਾਲ ਅਤੇ ਸਾਥੀ, 2001 ਅਨੁਸਾਰ

ਪਸ਼ੂ ਦੇ ਸੂਣ ਤੋਂ ਬਾਅਦ ਉਸ ਦੇ ਸਰੀਰਕ ਭਾਰ ਦਾ ਧਿਆਨ ਰੱਖਣਾ ਚਾਹੀਦਾ ਹੈ। ਸੂਣ ਤੋਂ ਬਾਅਦ ਕੁਝ ਭਾਰ ਘਟਣਾ (15% ਤੱਕ) ਬਰਦਾਸ਼ਤਯੋਗ ਹੈ, ਪਰ ਇਹ ਵੀ ਖਿਆਲ ਰੱਖੋ ਕਿ ਜਦੋਂ ਤੱਕ ਪਸ਼ੂ ਭਾਰ ਘਟਾਉਣਾ ਬੰਦ ਨਹੀਂ ਕਰਦਾ ਉਦੋਂ ਤੱਕ ਪਸ਼ੂ ਦੇ ਗੱਭਣ ਹੋਣ ਦੀ ਦਰ ਬਹੁਤ ਘੱਟ ਹੁੰਦੀ ਹੈ। ਦੁਧਾਰੂ ਪਸ਼ੂ ਦੇ ਸਰੀਰ ਤੇ ਨਾ ਤਾਂ ਜ਼ਿਆਦਾ ਚਰਬੀ ਚਾਹੀਦੀ ਹੈ ਅਤੇ ਨਾ ਹੀ ਉਸ ਦੀਆਂ ਹੱਡੀਆਂ ਦਿਖਣੀਆਂ ਚਾਹੀਦੀਆਂ ਹਨ।

**ਦੁੱਧੋਂ ਭੱਜੀ ਗੱਭਣ ਮੱਝ ਲਈ ਖ਼ੁਰਾਕ** : ਦੁਧਾਰੂ ਪਸ਼ੂ ਨੂੰ ਸੂਣ ਤੋਂ 60-65 ਪਹਿਲਾਂ ਦੁੱਧੋਂ ਛੱਡ ਦੇਣਾ ਚਾਹੀਦਾ ਹੈ। ਗੱਭਣ ਪਸ਼ੂਆਂ ਦੀ ਖ਼ੁਰਾਕ ਇਸ ਪ੍ਰਕਾਰ ਹੋਣੀ ਚਾਹੀਦੀ ਹੈ ਕਿ ਪਸ਼ੂ ਸੂਏ ਵਿੱਚ ਆਈ ਕਮਜ਼ੋਰੀ ਅਤੇ ਭਾਰ ਵਿੱਚ ਆਈ ਗਿਰਾਵਟ ਨੂੰ ਪੂਰਾ ਕਰ ਸਕਣ। ਗੱਭਣ ਮੱਝਾਂ ਨੂੰ ਅਗਰ ਸੰਤੁਲਿਤ ਖ਼ੁਰਾਕ ਦਿੱਤੀ ਜਾਵੇ ਤਾਂ ਉਹ ਸੂਏ ਵਿੱਚ 20 ਪ੍ਰਤੀਸ਼ਤ ਵੱਧ ਦੁੱਧ ਦੇ ਸਕਦੀਆਂ ਹਨ। ਖੋਜ ਤੋਂ ਪਤਾ ਲੱਗਾ ਹੈ ਕਿ ਗੱਭਣ ਪਸ਼ੂਆਂ ਦੀ ਜ਼ੇਰ ਅਤੇ ਕਟੜੂਆਂ ਤੋਂ ਇਲਾਵਾ, 20 ਤੋਂ 25 ਕਿਲੋਗ੍ਰਾਮ ਵਜ਼ਨ ਵਧਣ ਨਾਲ ਅਗਲੇ ਸੂਏ ਵਿੱਚ 200 ਤੋਂ 300 ਕਿਲੋਗ੍ਰਾਮ ਵਧੇਰੇ ਦੁੱਧ ਪੈਦਾ ਹੁੰਦਾ ਹੈ। ਗੱਭਣ ਹੋਣ ਤੋਂ 6 ਮਹੀਨੇ ਬਾਅਦ ਪਸ਼ੂ ਦੀ ਖ਼ੁਰਾਕ ਵੱਲ ਵਿਸ਼ੇਸ਼ ਧਿਆਨ ਦੇਣ ਦੀ ਵੀ ਜ਼ਰੂਰਤ ਹੈ, ਕਿਉਕਿ ਇਹਨਾਂ ਦੀ ਅੰਤਿਮ ਦਿਨਾਂ ਵਿੱਚ ਬੱਚੇ ਦਾ ਦੋ ਤਿਹਾਈ ਵਿਕਾਸ ਹੁੰਦਾ ਹੈ। ਗੱਭਣ ਪਸ਼ੂਆਂ ਨੂੰ ਇਸ ਪ੍ਰਕਾਰ ਖਿਲਾਇਆ ਜਾਣਾ ਚਾਹੀਦਾ ਹੈ ਕਿ ਉਹ ਨਾ ਤਾਂ ਬਹੁਤੇ ਮੋਟੇ ਹੋਣ ਅਤੇ ਨਾ ਹੀ ਜ਼ਿਆਦਾ ਕਮਜ਼ੋਰ ਦਿਖਾਈ ਦੇਣ। ਜ਼ਿਆਦਾ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਸੂਣ ਤੋਂ ਪਹਿਲਾਂ 500-1000 ਮਿਲੀਗ੍ਰਾਮ ਪ੍ਰਤੀ ਦਿਨ ਵਿਟਾਮਿਨ ਈ ਖਿਲਾਉਣਾ ਲਾਹੇਵੰਦ ਹੁੰਦਾ ਹੈ। ਸੂਣ ਤੋਂ ਇਕ ਹਫਤਾ ਪਹਿਲਾਂ ਵੰਡ ਅੱਧਾ ਕਰਕੇ ਚੋਕਰ ਜਾਂ ਛਾਣ-ਬੂਰਾ ਜਾਂ ਹਰੇ ਚਾਰੇ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਪਸ਼ੂਆਂ ਵਿੱਚ ਬਦਹਜ਼ਮੀ ਹੋਣ ਦਾ ਡਰ ਘੱਟ ਹੋ ਜਾਂਦਾ ਹੈ। ਸੂਣ ਤੋਂ ਇੱਕ ਹਫਤਾ ਲੋੜ ਤੋਂ ਵੱਧ ਕੈਲਸ਼ੀਅਮ / ਧਾਤਾਂ ਦਾ ਮਿਸ਼ਰਣ ਬਿਲਕੁਲ ਨਹੀਂ ਦੇਣਾ ਚਾਹੀਦਾ। ਸੂਣ ਤੋਂ ਪਹਿਲਾਂ ਕੈਲਸ਼ੀਅਮ ਵੀ ਮਿਲਕ-ਫੀਵਰ ਦਾ ਕਾਰਣ ਹੋ ਸਕਦਾ ਹੈ।

**ਸਾਰਣੀ-4** : ਦੁਧਾਰੂ ਮੱਝ (ਦੁਧ 12 ਕਿਲੋ/ਦਿਨ) ਦਾ ਇਕ ਦਿਨ ਦਾ ਰਾਸ਼ਨ

| **ਖ਼ੁਰਾਕੀ ਵਸਤ** | **ਕਿੱਲੋ/ਦਿਨ** |
|---|---|
| ਗੈਰ-ਫਲੀਦਾਰ ਚਾਰਾ | 35 |
| ਤੂੜੀ | 2 |
| ਮੱਕੀ ਦਲੀਆ | 1 |
| ਸਰੋਂ ਦੀ ਖਲ | 1.5 |
| ਵੜੇਵਿਆਂ ਦੀ ਖਲ | 1 |
| ਸੋਇਆਬੀਨ ਮੀਲ | --- |
| ਧਾਤਾਂ ਦਾ ਚੂਰਾ | 0.1 |
| ਲੂਣ | 0.05 |
| ਸੁੱਕਾ ਮਾਦਾ, ਕਿਲੋ/ਦਿਨ | 15.77 |
| ਪ੍ਰੋਟੀਨ, ਕਿਲੋ/ਦਿਨ | 1.80 |

**ਸਾਰਣੀ-5** : ਗੱਭਣ ਕਾਲ ਦੇ ਅਖੀਰਲੇ ਮਹੀਨੇ ਦੇਣ ਵਾਲੇ ਵੰਡ ਦੀ ਬਣਤਰ

| **ਖ਼ੁਰਾਕੀ ਵਸਤ** | **ਕਿੱਲੋ/ਕੁੰ:** |
|---|---|
| ਮੱਕੀ | 25 |
| ਚੋਕਰ | 15 |
| ਸਰ੍ਹੋਂ ਦੀ ਖਲ | 13 |
| ਤੇਲ ਰਹਿਤ ਸਰ੍ਹੋਂ ਦੀ ਖਲ | 13 |
| ਸੋਇਆਬੀਨ ਮੀਲ | 5 |
| ਸ਼ੀਰਾ | 5 |
| ਧਾਤਾਂ ਦਾ ਚੂਰਾ | 2 |
| ਲੂਣ | 1 |
| ਰਿਊਮਿਨ ਬਾਈਪਾਸ ਕੋਲੀਨ | 0.8 |
| ਵਿਟਾਮਿਨ ਈ | 0.1 |
| ਨਾਇਆਸਿਨ | 0.1 |
| ਤੇਲ ਰਹਿਤ ਚੌਲਾਂ ਦੀ ਪਾਲਿਸ਼ | 2.0 |

**ਸੂਣ ਵਾਲੇ ਪਸ਼ੂ ਦੀਆਂ ਖ਼ੁਰਾਕੀ ਜ਼ਰੂਰਤਾਂ** : ਸੂਣ ਤੋਂ 21 ਦਿਨ ਪਹਿਲਾਂ ਤੋਂ ਲੈ ਕੇ ਸੂਣ ਤੋਂ 21 ਦਿਨ ਬਾਅਦ ਦੇ ਸਮੇਂ ਨੂੰ ਟ੍ਰਾਜੀਸ਼ਨ ਜਾਂ ਬਦਲਾਅ ਸਮਾਂ ਕਿਹਾ ਜਾਂਦਾ ਹੈ। ਇਸ ਸਮੇਂ ਵਿੱਚ ਪਸ਼ੂ ਵਧੇਰੇ ਸਰੀਰਕ ਦਬਾਅ ਵਿੱਚੋਂ ਲੰਘਦਾ ਹੈ ਅਤੇ ਕਈਂ ਤਰ੍ਹਾਂ ਦੀਆਂ ਬੀਮਾਰੀਆਂ ਦੀ ਸੰਭਾਵਨਾ ਬਣੀ ਰਹਿੰਦੀ ਹੈ। ਸੂਣ ਤੋਂ ਇਕ ਮਹੀਨਾ ਪਹਿਲਾਂ ਤੋਂ ਜੇ ਕਰ ਖ਼ੁਰਾਕ ਦਾ ਸਹੀ ਧਿਆਨ ਰੱਖਿਆ ਜਾਵੇ ਤਾਂ ਪਸ਼ੂ ਨੂੰ ਸੂਣ ਵੇਲੇ ਹੋਣ ਵਾਲੀਆਂ ਅਲਾਮਤਾਂ ਤੋਂ ਬਚਾਇਆ ਜਾ ਸਕਦਾ ਹੈ ਅਤੇ ਸੂਣ ਤੋਂ ਬਾਅਦ ਪਸ਼ੂ ਤੋਂ ਜ਼ਿਆਦਾ ਦੁੱਧ ਉਤਪਾਦਨ ਲਿਆ ਜਾ ਸਕਦਾ ਹੈ। ਸਾਰਣੀ-5 ਵਿੱਚ ਗੱਭਣ ਕਾਲ ਦੇ ਅਖੀਰਲੇ ਮਹੀਨੇ ਦੇਣ

ਬਾਕੀ ਸਫਾ 14 'ਤੇ

# ਅਗਾਂਹਵਧੂ ਕਿਸਾਨੀ ਦੀ ਆਵਾਜ਼ ਬਣੇ ਮਹਿੰਦਰ ਸਿੰਘ ਦੋਸਾਂਝ



**ਉਮਰ ਦੇ 88ਵੇਂ ਸਾਲ ਵਿੱਚੋਂ ਲੰਘ ਰਹੇ ਮਹਿੰਦਰ ਸਿੰਘ ਦੋਸਾਂਝ ਅੱਜ ਵੀ ਦੁਪਹਿਰ ਦੀ ਸਖ਼ਤ ਗਰਮੀ ਤੇ ਪੋਹ ਦੀਆਂ ਯਖ਼ ਰਾਤਾਂ ਵਿੱਚ ਖੇਤਾਂ ਵਿੱਚ ਕੰਮ ਕਰਦੇ ਹਨ...**

ਪ੍ਰਦੀਪ ਭਨੋਟ
ਮੋਬਾਇਲ 98037-16666

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ ਵਿੱਚ ਜਨਮੇ ਮਹਿੰਦਰ ਸਿੰਘ ਦੋਸਾਂਝ ਬਚਪਨ ਤੋਂ ਹੀ ਖੇਤੀਬਾੜੀ ਤੇ ਦਰੱਖ਼ਤਾਂ-ਬੂਟਿਆਂ ਨਾਲ ਜੁੜੇ ਰਹੇ ਹਨ। ਸਕੂਲ ਵਿੱਚ ਨਾਲਾਇਕ ਵਿਦਿਆਰਥੀਆਂ ਨੂੰ ਅਧਿਆਪਕਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਬਾਰੇ ਸੁਣ ਕੇ ਉਸ ਨੇ ਸਕੂਲ ਨਾ ਜਾਣ ਦਾ ਫ਼ੈਸਲਾ ਆਪਣੇ ਬਜ਼ੁਰਗਾਂ ਨੂੰ ਸੁਣਾ ਦਿੱਤਾ ਤੇ ਕਿਹਾ, 'ਮੈਨੂੰ ਨਰਕ ਵਿੱਚ ਭਾਵੇਂ ਸੁੱਟ ਦਿਉ ਪਰ ਸਕੂਲ ਨਾ ਭੇਜੋ।' ਅਨਪੜ੍ਹ ਬਜ਼ੁਰਗਾਂ ਨੇ ਉਸ ਦਾ ਫ਼ੈਸਲਾ ਖ਼ੁਸ਼ੀ ਨਾਲ ਪ੍ਰਵਾਨ ਕਰ ਲਿਆ। ਵਿੱਦਿਆ ਨਾਲ ਮੋਹ ਦਾ ਸੋਮਾ ਉਸ ਦੇ ਮਨ ਵਿੱਚ ਉਦੋਂ ਉਜਾਗਰ ਹੋਇਆ, ਜਦੋਂ ਪਿੰਡ ਦੇ ਗੁਰਦੁਆਰੇ ਵਿੱਚ ਰਾਤ ਨੂੰ ਇੱਕ ਅਧਿਆਪਕ ਨੇ ਵੱਤੋਂ ਲੰਘੇ ਮੁੰਡਿਆਂ ਨੂੰ ਚਿੱਠੀ ਪੱਤਰ ਲਿਖਣ ਜੋਗੇ ਬਣਾਉਣ ਲਈ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ। ਉਸ ਨੇ ਇਸ ਨੂੰ ਆਪਣੇ ਖੇਤਾਂ ਵਿੱਚ ਬੂਟਿਆਂ ਦੀ ਸੰਭਾਲ ਕਰਨੀ ਤੇ ਫਿਰ ਖੇਤੀ ਦੇ ਕੰਮ ਕਰਕੇ ਗੁਰਦੁਆਰੇ ਪੜ੍ਹਨ ਲਈ ਪਹੁੰਚ ਜਾਣਾ। ਪੰਜਾਬੀ ਪੜ੍ਹਨ-ਲਿਖਣ ਦਾ ਕੰਮ ਤਾਂ ਉਸ ਨੇ ਚਾਰ ਦਿਨ ਵਿੱਚ ਹੀ ਨਿਬੇੜ ਲਿਆ ਸੀ। ਉਦੋਂ ਉਹ ਰੇਤੇ ਦੇ ਟਿੱਬਿਆਂ ਵਾਲੀ ਅੱਠ ਏਕੜ ਬੰਜਰ ਜ਼ਮੀਨ ਵਿੱਚ ਇੱਕ ਬਲਦ ਤੇ ਸਾਂਢ ਨਾਲ ਖੇਤੀ ਕਰਦਾ ਸੀ।

### ਖੇਤਾਂ ਵਿੱਚ ਝੁੱਲ ਵਿਛਾ ਕੇ ਕੀਤੀ ਪੜ੍ਹਾਈ

ਉਸ ਨੇ ਦੁਪਹਿਰ ਨੂੰ ਹਲ ਵਾਹ ਕੇ ਸਾਰੀ-ਸਾਰੀ ਰਾਤ ਪਸ਼ੂਆਂ ਦੇ ਵਿਛਾਏ ਝੁੱਲ 'ਤੇ ਬੈਠ ਕੇ ਪੜ੍ਹਾਈ ਕਰਨੀ ਸ਼ੁਰੂ ਕੀਤੀ ਤੇ ਖੇਤਾਂ ਦੇ ਰੇਤੇ ਉੱਤੇ ਉਂਗਲੀ ਨਾਲ ਅੱਖਰ ਵਾਹੁਣੇ ਸਿੱਖੇ। ਪਿੰਡ ਦੇ ਪੜ੍ਹੇ-ਲਿਖੇ ਲੋਕਾਂ ਤੋਂ ਵਿੱਚ-ਵਿਚਾਲੇ ਸਹਿਯੋਗ ਲੈ ਕੇ ਦੇਵਨਾਗਰੀ, ਫ਼ਾਰਸੀ, ਅਰਬੀ ਤੇ ਰੋਮਨ ਲਿਪੀਆਂ ਦਾ ਗਿਆਨ ਹਾਸਿਲ ਕਰਕੇ ਪੰਜਾਬੀ, ਹਿੰਦੀ, ਉਰਦੂ ਤੇ ਇੰਗਲਿਸ਼ ਦੀਆਂ ਹਜ਼ਾਰਾਂ ਕਿਤਾਬਾਂ ਪੜ੍ਹ ਕੇ ਗਿਆਨ ਹਾਸਿਲ ਕੀਤਾ। ਆਪਣੀ ਲਾਇਬ੍ਰੇਰੀ ਦੇ ਨਾਲ-ਨਾਲ ਇਲਾਕੇ ਦੀਆਂ ਲਾਇਬ੍ਰੇਰੀਆਂ ਵਿੱਚੋਂ ਲਿਆ ਕੇ ਖ਼ੁਦ ਨੂੰ ਪੁਸਤਕਾਂ ਦੇ ਸੰਸਾਰ ਨਾਲ ਜੋੜ ਲਿਆ। ਸਾਲ 1952 ਵਿੱਚ ਪਿੰਡ ਦੇ ਪੰਚਾਇਤ ਦੀ ਲਾਇਬ੍ਰੇਰੀ ਵਿੱਚ ਚਾਰ ਭਾਸ਼ਾਵਾਂ ਵਿੱਚ ਆਈਆਂ ਸਾਰੀਆਂ ਕਿਤਾਬਾਂ ਉਸ ਨੇ ਕੇਵਲ ਚਾਰ ਮਹੀਨਿਆਂ ਵਿੱਚ ਪੜ੍ਹ ਲਈਆਂ। ਸ਼ੁਰੂ ਤੋਂ ਲੈ ਕੇ ਹੁਣ ਤੱਕ ਇਸ ਵਿਸ਼ਾਲ ਲਾਇਬ੍ਰੇਰੀ ਦਾ ਪਹਿਲਾ ਤੇ ਆਖ਼ਰੀ ਪਾਠਕ ਸਿਰਫ਼ ਉਹੀ ਬਣਿਆ।

### ਬੂਟਿਆਂ ਦੀ ਕਾਸ਼ਤ ਨੂੰ ਵਿੱਦਿਆ ਨਾਲ ਜੋੜਿਆ

ਇਨ੍ਹਾਂ ਦਿਨਾਂ ਵਿੱਚ ਮਹਿੰਦਰ ਸਿੰਘ ਦੋਸਾਂਝ ਨੇ ਮਨ ਦੀ ਡੂੰਘਾਈ ਤੱਕ ਮਹਿਸੂਸ ਕੀਤਾ ਕਿ ਦਰੱਖ਼ਤਾਂ-ਬੂਟਿਆਂ ਨਾਲ ਉਸ ਦੀ ਦਿਲਚਸਪੀ ਤੇ ਉੱਨਤ ਖੇਤੀ ਦੇ ਰਾਹ ਵਿੱਚ ਅਨਪੜ੍ਹਤਾ ਬਹੁਤ ਵੱਡਾ ਰੋੜਾ ਹੈ। ਇਹ ਰੋੜਾ ਉਸ ਨੇ ਆਪਣੇ ਵਿਕਾਸ ਤੋਂ ਚੁੱਕ ਕੇ ਪਰ੍ਹੇ ਸੁੱਟ ਦਿੱਤਾ। ਅਜਿਹਾ ਸੋਚ ਕੇ ਉਸ ਨੇ ਖੇਤੀ ਨੂੰ ਨਵੀਂ ਦਿਸ਼ਾ ਦੇਣ ਤੇ ਖੇਤੀਬਾੜੀ ਵਿੱਚ ਨਵੀਆਂ ਖੋਜਾਂ ਅਤੇ ਖੇਤੀਬਾੜੀ ਗਿਆਨ ਵਿਗਿਆਨ ਨਾਲ ਜੁੜਨ ਲਈ ਪੁਸਤਕਾਂ ਨਾਲ ਪਿਆਰ ਤੋਂ ਹੀ ਕੰਮ ਲਿਆ।

ਮਈ 1958 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾੜੀਆ ਕਲਾਂ ਵਿੱਚ ਕਿਸਾਨ ਪਰਿਵਾਰ ਦੀ ਧੀ ਮਹਿੰਦਰ ਕੌਰ ਨਾਲ ਉਸ ਦਾ ਵਿਆਹ ਹੋਇਆ। ਵਿਆਹ ਤੋਂ ਬਾਅਦ ਉਸ ਦੀ ਜੀਵਨ ਸਾਥਨ ਮਹਿੰਦਰ ਕੌਰ ਨੇ ਆਉਂਦਿਆਂ ਹੀ ਦੋਸਾਂਝ ਦੇ ਬਰਾਬਰ ਖੇਤੀ ਦਾ ਜੂੰਗਲਾ ਚੁੱਕ ਲਿਆ। ਖੇਤੀ ਨਾਲ ਪਿਆਰ ਤੇ ਤਜ਼ਰਬਾ ਉਹ ਨਾਲ ਲੈ ਕੇ ਆਈ ਸੀ। ਖੇਤੀ ਬਾਰੇ ਪਿਛਲੇ ਸਾਰੇ ਅਨੁਭਵ ਉਸ ਨੇ ਸਹੁਰੇ ਪਿੰਡ ਆ ਕੇ ਖੇਤੀ ਵਿੱਚ ਕਰਨੇ ਸ਼ੁਰੂ ਕੀਤੇ ਤਾਂ ਦੂਰ-ਦੂਰ ਤੱਕ ਦੋਸਾਂਝ ਖੇਤੀ ਫਾਰਮ ਦੀ ਚਰਚਾ ਹੋਣ ਲੱਗੀ। ਮਹਿੰਦਰ ਕੌਰ ਦੀ ਪ੍ਰੇਰਨਾ ਤੇ ਸਲਾਹ ਨਾਲ ਉਸ ਨੇ ਸਾਰਾ ਸਾਲ ਕੋਈ ਨਾ ਕੋਈ ਫਲ ਚੱਲਦਾ ਰੱਖਣ ਲਈ ਵੰਨ-ਸੁਵੰਨੇ ਫਲਾਂ ਤੇ ਹਰਬਲ ਬੂਟਿਆਂ ਦਾ ਸ਼ਾਨਦਾਰ ਬਾਗ ਸਥਾਪਤ ਕੀਤਾ ਤੇ ਬੂਟਿਆਂ ਦਾ ਉਤਪਾਦਨ ਵਧਾਉਣ ਲਈ ਤੇ ਇਨ੍ਹਾਂ ਤੋਂ ਉਤਪੰਨ ਜਿਣਸਾਂ ਨੂੰ ਪ੍ਰੋਸੈਸ ਕਰਨ ਲਈ ਉਸ ਨੇ ਮੁਹਿੰਮ ਸ਼ੁਰੂ ਕਰ ਦਿੱਤੀ। ਇਸ ਮੁਹਿੰਮ ਦੀ ਸਫਲਤਾ ਲਈ ਬਾਗਬਾਨੀ ਵਿਭਾਗ ਨਾਲ ਸਬੰਧ ਕਾਇਮ ਕਰ ਕੇ ਪ੍ਰਾਪਤ ਸਿਖਲਾਈ ਰਾਹੀ ਆਧੁਨਿਕ ਗਿਆਨ ਤੇ ਅਨੁਭਵ ਪ੍ਰਾਪਤ ਕੀਤਾ।

ਆਪਣੇ ਹਮਸਫ਼ਰ ਦੇ ਸਹਿਯੋਗ ਨਾਲ ਮਹਿੰਦਰ ਕੌਰ ਨੇ ਫਲਾਂ ਤੇ ਸਬਜ਼ੀਆਂ ਤੋਂ ਨਵੇਂ ਤੇ ਵਿਲੱਖਣ ਪਦਾਰਥ ਤਿਆਰ ਕਰਨ ਲਈ ਅਣਗਿਣਤ ਖੋਜਾਂ ਕੀਤੀਆਂ, ਜਿਵੇਂ ਹਨੇਰੀ ਨਾਲ ਕੱਚੇ ਟੁੱਟੇ ਆੜੂਆਂ ਤੋਂ ਅਚਾਰ ਤੇ ਕੱਚੀਆਂ ਨਾਖਾਂ ਤੋਂ ਜੈਮ ਤਿਆਰ ਕਰ ਕੇ ਡੱਬੇਬੰਦ ਕੀਤਾ, ਫਲਾਂ ਤੇ ਸਬਜ਼ੀਆਂ ਦੀਆਂ ਬੇਕਾਰ ਛਿੱਲਾਂ ਤੋਂ ਅਚਾਰ ਤੇ ਮੁਰੱਬਾ ਤਿਆਰ ਕੀਤਾ।

### ਖੇਤੀ ਵੰਨ-ਸੁਵੰਨਤਾ ਦਾ ਵਿਲੱਖਣ ਨਮੂਨਾ ਕੀਤਾ ਵਿਕਸਿਤ

1962 ਵਿੱਚ ਲੁਧਿਆਣਾ ਵਿਖੇ ਸਥਾਪਿਤ ਹੋਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਰਵਾਰ ਵਿੱਚ ਸ਼ਾਮਿਲ ਕਰਨ ਵਾਸਤੇ ਦੋਸਾਂਝ ਜੋੜੇ ਲਈ ਪਹਿਲਾਂ ਉਪ ਕੁਲਪਤੀ ਡਾ. ਐੱਮ. ਐੱਸ. ਰੰਧਾਵਾ ਤੇ ਵੀਸੀ ਹੁੰਦਿਆਂ ਡਾ. ਅਮਰੀਕ ਸਿੰਘ ਚੀਮਾ ਨੇ ਵਿਸ਼ਾਲਤਾ ਨਾਲ ਬੂਹੇ ਖੋਲ੍ਹੇ। ਯੂਨੀਵਰਸਿਟੀ ਦੇ ਖੇਤੀ ਵਿਗਿਆਨੀਆਂ ਨੇ ਦੋਸਾਂਝ ਜੋੜੇ ਨੂੰ ਸੇਧ ਤੇ ਪ੍ਰੇਰਨਾ ਵੀ ਦਿੱਤੀ ਤੇ ਉਨ੍ਹਾਂ ਦੇ ਮਨਾਂ ਵਿੱਚ ਖੇਤੀ ਬਾਰੇ ਗਿਆਨ ਵਿਗਿਆਨ ਦਾ ਚਾਨਣ ਵੀ ਕੀਤਾ।

ਉਸ ਨੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਤੇ ਵਿਦੇਸ਼ਾਂ ਵਿੱਚ ਵਿਕਸਿਤ ਹੋ ਰਹੀਆਂ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਵੀ ਪੀਏਯੂ ਦੇ ਮਾਹਿਰਾਂ ਨਾਲ ਸਾਂਝੀ ਕਰਨੀ



ਸ਼ੁਰੂ ਕੀਤੀ ਤੇ ਖੋਜ ਲਈ ਦੇਸ਼-ਵਿਦੇਸ਼ ਤੋਂ ਵਿਲੱਖਣ ਦਰੱਖਤਾਂ ਦੀ ਸਮੱਗਰੀ ਤੇ ਫ਼ਸਲਾ ਦੇ ਬੀਜ ਲਿਆ ਕੇ ਯੂਨੀਵਰਸਿਟੀ ਨੂੰ ਦੇਣ ਦਾ ਕੰਮ ਸ਼ੁਰੂ ਕੀਤਾ। ਖੋਜ ਦੇ ਕੰਮ ਵਿੱਚ ਅਜਿਹੀ ਭਾਈਵਾਲੀ ਨੇ ਦੋਸਾਂਝ ਨੂੰ ਭਰਪੂਰ ਹੌਸਲਾ ਪ੍ਰਦਾਨ ਕੀਤਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਲਾਹ ਤੇ ਸਹਿਯੋਗ ਨਾਲ ਆਪਣੇ ਫਾਰਮ 'ਤੇ ਛੋਟੇ ਕਿਸਾਨਾਂ ਦੀ ਖ਼ੁਸ਼ਹਾਲੀ ਨੂੰ ਸਥਿਰ ਕਰਨ ਲਈ ਖੇਤੀ ਵੰਨ-ਸੁਵੰਨਤਾ ਦਾ ਵਿਲੱਖਣ ਨਮੂਨਾ ਵਿਕਸਿਤ ਕੀਤਾ, ਜੋ ਦੂਰ-ਦੂਰ ਤੱਕ ਕਿਸਾਨਾਂ, ਵਿਦਿਆਰਥੀਆਂ, ਖਪਤਕਾਰਾਂ ਤੇ ਵਾਤਾਵਰਨ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣਿਆ। 2001 ਵਿੱਚ ਭਾਰਤ ਸਰਕਾਰ ਦੇ ਸਾਇੰਸ ਤੇ ਤਕਨਾਲੋਜੀ ਵਿਭਾਗ ਵੱਲੋਂ ਖੇਤੀ ਵੰਨ-ਸੁਵੰਨਤਾ ਵਾਲੇ ਇਸ ਨਮੂਨੇ ਦੇ ਆਧਾਰ 'ਤੇ ਇੱਕ ਘੰਟੇ ਦੀ ਫੀਚਰ ਫਿਲਮ ਵੀ ਖੇਤੀ ਵਿੱਚ 'ਕਈ ਰਾਹ ਦਿਸੇ' ਸਿਰਲੇਖ ਹੇਠ ਬਣਾਈ ਗਈ।

### ਠੁਕਰਾਈ ਸਰਕਾਰੀ ਨੌਕਰੀ ਦੀ ਪੇਸ਼ਕਸ਼

ਦੋਸਾਂਝ ਦੀ ਜੀਵਨ ਸਾਥਣ ਮਹਿੰਦਰ ਕੌਰ ਦੋਸਾਂਝ ਨੇ ਕਿਹਾ ਸੀ, 'ਸਰਦਾਰ ਜੀ ਮੈਂ ਤਾਂ ਬਹੁਤਾ ਨਹੀਂ ਪੜ੍ਹ ਸਕੀ, ਤੁਸੀਂ ਤਾਂ ਹਜ਼ਾਰਾਂ ਕਿਤਾਬਾਂ ਪੜ੍ਹੀਆਂ ਹਨ ਪਰ ਕੋਈ ਡਿਗਰੀ, ਸਰਟੀਫਿਕੇਟ ਵੀ ਲੈ ਲਵੋ, ਕਿਤੇ ਲੋੜ ਪੈ ਸਕਦੀ ਹੈ।' ਉਸ ਨੇ ਜਵਾਬ ਦਿੱਤਾ ਕਿ ਤੂੰ ਆਪਣੀ ਇਹ ਇੱਛਾ ਪਹਿਲਾਂ ਦੱਸਦੀ ਤਾਂ ਮੈਂ ਹੁਣ ਤੱਕ ਡਿਗਰੀਆਂ ਦੇ ਢੇਰ ਲਾ ਦੇਣੇ ਸਨ।' ਉਸੇ ਵੇਲੇ ਇਮਤਿਹਾਨ ਦੀ ਤਿਆਰੀ ਲਈ ਖੇਤਾਂ ਵਿੱਚ ਹੀ ਸਿਲੇਬਸ ਦੀਆਂ ਪੁਸਤਕਾਂ ਲਿਆ ਕੇ ਪੜ੍ਹਾਈ ਸ਼ੁਰੂ ਹੋ ਗਈ। ਮਹਿੰਦਰ ਕੌਰ ਦੋਸਾਂਝ ਨੇ ਖੇਤੀ ਦੇ ਰੁਝੇਵਿਆਂ ਦਾ ਬੋਝ ਆਪਣੇ ਮੋਢਿਆਂ 'ਤੇ ਲੱਦ ਲਿਆ। ਪ੍ਰਾਈਵੇਟ ਪੱਧਰ 'ਤੇ ਇਮਤਿਹਾਨ ਦੇ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਚੰਗੇ ਨੰਬਰਾਂ ਨਾਲ ਪਹਿਲਾਂ ਬੁੱਧੀਮਾਨੀ, ਫਿਰ ਗਿਆਨੀ ਤੇ ਅਖ਼ੀਰ ਵਿੱਚ ਗ੍ਰੈਜੂਏਸ਼ਨ ਕੀਤੀ।

ਸਾਲ 1966 ਵਿੱਚ ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਾਬੀ ਅਧਿਆਪਕ ਦੀ ਨੌਕਰੀ ਲਈ ਸੱਦਾ ਵੀ ਆ ਗਿਆ ਪਰ ਖੇਤੀ ਦੇ ਮੋਹ ਨੇ ਨੌਕਰੀ ਦਾ ਸੱਦਾ ਠੁਕਰਾ ਦਿੱਤਾ। 16 ਅਕਤੂਬਰ 1986 ਨੂੰ ਛੇਵੇਂ ਵਿਸ਼ਵ ਖ਼ੁਰਾਕ ਦਿਵਸ ਮੌਕੇ ਕਣਕ ਦੇ ਸ਼ਾਨਦਾਰ ਉਤਪਾਦਨ ਲਈ ਸੰਯੁਕਤ ਰਾਸ਼ਟਰ ਸੰਘ ਵੱਲੋਂ ਅੰਤਰਰਾਸ਼ਟਰੀ ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਉਹ ਵਿਕਸਿਤ ਦੇਸ਼ਾਂ ਦੀ ਯਾਤਰਾ ਕਰਨ ਗਿਆ ਤੇ ਉੱਥੇ ਅਨੇਕਾਂ ਸੰਸਥਾਵਾਂ ਵੱਲੋਂ ਆਪਣੇ ਲਈ ਸਲਾਹਕਾਰ ਦੀ ਹੈਸੀਅਤ ਵਿੱਚ ਉਨ੍ਹਾਂ ਦੇਸ਼ਾਂ ਵਿੱਚ ਸੈੱਟ ਕਰਨ ਦੀਆਂ ਉਸ ਨੂੰ ਪੇਸ਼ਕਸ਼ਾਂ ਕੀਤੀਆਂ ਗਈਆਂ ਪਰ ਉਸ ਨੇ ਖੇਤਾਂ ਦੀ ਦੁਨੀਆ ਵਿੱਚ ਕੰਮ ਕਰਨ ਨੂੰ ਪਹਿਲ ਦਿੱਤੀ।

### ਅੱਜ ਵੀ ਕਰਦੇ ਖੇਤੀ

ਉਹ ਉਮਰ ਦੇ 88ਵੇਂ ਸਾਲ ਵਿੱਚੋਂ ਲੰਘ ਰਹੇ ਹਨ ਪਰ ਅਜੇ ਵੀ ਦੁਪਹਿਰ ਦੀ ਸਖ਼ਤ ਗਰਮੀ ਤੇ ਪੋਹ ਦੀਆਂ ਯਖ਼ ਰਾਤਾਂ ਵਿੱਚ ਕਹੀ ਤੇ ਹੋਰ ਸੰਦ ਚੁੱਕ ਕੇ ਖੇਤਾਂ



ਵਿੱਚ ਕੰਮ ਕਰ ਰਹੇ ਹਨ। ਜਦੋਂ ਖੇਤੀ ਦੇ ਰੁਝੇਵਿਆਂ ਤੋਂ ਵਿਹਲੇ ਹੁੰਦੇ ਹਨ ਤਾਂ ਕਲਮਾਂ-ਕਿਤਾਬਾਂ ਚੁੱਕ ਲੈਂਦੇ ਹਨ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਆਪਣੀ ਜ਼ਿੰਦਗੀ ਤੇ ਖੇਤੀ ਦੇ ਕਿੱਤੇ ਤੋਂ ਤੁਸੀਂ ਸੰਤੁਸ਼ਟ ਹੋ, ਤਾਂ ਮਾਣ ਨਾਲ ਦੱਸਿਆ ਕਿ ਜੋ ਕੁਝ ਮੈਨੂੰ ਖੇਤੀ ਨੇ ਬਖਸ਼ਿਆ, ਉਹ ਸ਼ਾਇਦ ਹੋਰ ਕਿਸੇ ਕਿੱਤੇ ਵਿੱਚੋਂ ਮੈਨੂੰ ਨਹੀਂ ਸੀ ਮਿਲ ਸਕਦਾ। ਜੇ ਮੈਂ ਵਿਕਸਿਤ ਦੇਸ਼ਾਂ ਦਾ ਵਾਸੀ ਵੀ ਬਣ ਜਾਂਦਾ ਤਾਂ ਆਪਣੇ ਖੇਤਾਂ ਦੀ ਖ਼ੁਸ਼ਹਾਲ ਤੇ ਖ਼ੂਬਸੂਰਤ ਦੁਨੀਆ ਤਿਆਗ ਕੇ ਮੈਂ ਮਾਨਸਿਕ ਰੋਗੀ ਬਣ ਜਾਣਾ ਸੀ।

### ਸਬਸਿਡੀਆਂ ਲੈਣ ਤੋਂ ਕੀਤਾ ਇਨਕਾਰ

ਫ਼ਸਲਾਂ ਦੇ ਖ਼ਰਾਬੇ ਅਤੇ ਖੇਤੀ ਦੀਆਂ ਹੋਰ ਲੋੜਾਂ ਲਈ ਸਮੇਂ-ਸਮੇਂ ਸਬਸਿਡੀਆਂ ਲੈਣ ਲਈ ਵੀ ਉਸ ਨੇ ਅਕਸਰ ਇਨਕਾਰ ਕੀਤਾ। ਮਈ 1988 ਵਿੱਚ ਇੱਕ ਹਫ਼ਤਾ ਲਗਾਤਾਰ ਮੀਂਹ ਪੈਣ ਨਾਲ ਉਸ ਦੀ ਕਣਕ ਦਾ ਪੂਰਾ 100 ਫ਼ੀਸਦੀ ਨੁਕਸਾਨ ਹੋ ਗਿਆ ਸੀ ਤਾਂ ਸਰਕਾਰੀ ਹਦਾਇਤਾਂ 'ਤੇ ਮੁਆਵਜ਼ਾ ਦੇਣ ਲਈ ਪਟਵਾਰੀ ਉਨ੍ਹਾਂ ਦੇ ਖੇਤਾਂ ਦੀ ਗਿਰਦਾਵਰੀ ਕਰਨ ਲਈ ਆਇਆ। ਉਸ ਨੇ ਪਟਵਾਰੀ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਅਸੀਂ ਮਿਹਨਤੀ ਕਿਸਾਨ ਹਾਂ। ਤੁਸੀਂ ਇਹ ਦੱਸੋ ਮੀਂਹ ਸਰਕਾਰ ਨੇ ਵਰ੍ਹਾਇਆ ਹੈ?

ਇਹ ਤਾਂ ਕੁਦਰਤੀ ਆਫ਼ਤ ਸੀ ਤੇ ਵਾਪਰ ਗਈ। ਖੇਤੀ ਸਾਡੀ ਮਾਂ ਹੈ, ਅੱਜ ਜੇ ਇਹ ਬੇਵੱਸ ਹੋ ਗਈ ਹੈ ਤਾਂ ਮੁੜ ਕੇ ਖੇਤੀ ਨੇ ਹੀ ਸਾਨੂੰ ਕੁੱਛੜ ਚੁੱਕ ਕੇ ਅੱਗੇ ਲਿਜਾਣਾ ਹੈ। ਅਸੀਂ ਮਿਹਨਤ ਨਾਲ ਛੇਤੀ ਹੀ ਮੁੜ ਕੇ ਉਭਰਾਂਗੇ।

### ਸਾਹਿਤਕ ਖੇਤਰ ਵਿੱਚ ਕੀਤਾ ਕੰਮ

ਉਨ੍ਹਾਂ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਛਪੀਆਂ 11 ਕਿਤਾਬਾਂ ਅਤੇ ਕੁਝ ਪੁਸਤਕਾਂ ਦੇ ਸੰਪਾਦਨ ਦਾ ਕੰਮ ਵੀ ਕੀਤਾ। ਇਨ੍ਹਾਂ ਪੁਸਤਕਾਂ ਵਿੱਚੋਂ 'ਪੇਂਡੂ ਪੰਜਾਬ ਤੇ ਕਿਸਾਨੀ ਦਾ ਪੁਰਾਤਨ ਸੱਭਿਆਚਾਰ' ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਵੀ ਦੋ ਐਡੀਸ਼ਨਾਂ ਵਿੱਚ ਛਾਪੀ। ਖੇਤੀਬਾੜੀ ਵਾਤਾਵਰਨ ਤੇ ਸਾਹਿਤ ਬਾਰੇ ਸੱਤ ਖੋਜ ਪੱਤਰ ਵੀ ਲਿਖੇ, ਜੋ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤਕ ਪੜ੍ਹੇ ਤੇ ਵਿਚਾਰੇ ਗਏ। ਉਨ੍ਹਾਂ ਨੂੰ ਸਥਾਨਕ ਪੱਧਰ ਤੋਂ ਅੰਤਰਰਾਸ਼ਟਰੀ ਪੱਧਰ ਤੱਕ ਅਨੇਕਾਂ ਮਾਣ-ਸਤਿਕਾਰ ਤੇ ਪੁਰਸਕਾਰ ਵੀ ਮਿਲੇ। ਪੰਜਾਬ ਸਰਕਾਰ ਵੱਲੋਂ 2011 ਵਿੱਚ ਸਟੇਟ ਅਵਾਰਡ ਮਿਲਿਆ। ਉੱਤਰ ਪੱਛਮੀ ਰਾਜਾਂ ਵਿੱਚ ਦਿਹਾਤੀ ਸਿੱਖਿਆ ਉੱਤਰ ਪੱਛਮੀ ਰਾਜਾਂ ਦੀ ਦੋ ਰੋਜ਼ਾ ਵਰਕਸ਼ਾਪ ਅੰਦਰ ਦਿਹਾਤੀ ਲੋਕਾਂ ਵਿੱਚ ਵਿੱਦਿਆ ਦਾ ਪਾਸਾਰ ਕਰਨ ਲਈ 1992 ਵਿੱਚ ਮਸ਼ੋਬਰਾ ਹਿਮਾਚਲ ਪ੍ਰਦੇਸ਼ ਵਿਖੇ ਹਰਿਆਣਾ ਦੇ ਰਾਜਪਾਲ ਧਨਿਕ ਲਾਲ ਮੰਡਲ ਵੱਲੋਂ ਪੁਰਸਕਾਰ ਦਿੱਤਾ ਗਿਆ। 2007 ਵਿੱਚ ਖੇਤੀ ਵੰਨ-ਸੁਵੰਨਤਾ ਲਈ ਪੀਏਯੂ ਵੱਲੋਂ ਮੁੱਖ ਮੰਤਰੀ ਪੁਰਸਕਾਰ ਪ੍ਰਾਪਤ ਹੋਇਆ ਅਤੇ ਫਰਵਰੀ 2011 ਵਿੱਚ ਹਮੀਰਪੁਰ ਵਿਖੇ ਉੱਤਰ ਪੱਛਮੀ ਰਾਜਾਂ ਦੀ ਖੇਤੀਬਾੜੀ ਬਾਰੇ ਵਰਕਸ਼ਾਪ ਵਿੱਚ ਉਸ ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

### ਖੇਤੀ ਜਿਣਸਾਂ ਦੀ ਮਾਰਕੀਟਿੰਗ

ਦੋਸਾਂਝ ਫਾਰਮ ਦੇ ਖਪਤਕਾਰਾਂ ਨੂੰ ਪੁੱਛ ਕੇ ਤੇ ਉਨ੍ਹਾਂ ਦੀ ਲੋੜ ਅਨੁਸਾਰ ਵੱਖ-ਵੱਖ ਖੇਤੀ ਜਿਣਸਾਂ ਪੈਦਾ ਕੀਤੀਆਂ ਜਾਂਦੀਆਂ ਹਨ। ਇਹ ਜਿਣਸਾਂ ਪਿੰਡ ਤੇ ਇਲਾਕੇ ਦੇ ਖਪਤਕਾਰਾਂ ਦੇ ਨਾਲ-ਨਾਲ ਜਲੰਧਰ, ਲੁਧਿਆਣਾ, ਚੰਡੀਗੜ੍ਹ ਤੇ ਹਿਮਾਚਲ ਦੇ ਸੋਲਨ ਤੇ ਕੰਡਾ ਘਾਟ ਤੱਕ ਪਹੁੰਚਦੀਆਂ ਕੀਤੀਆਂ ਜਾਂਦੀਆਂ ਹਨ। ਲੰਮਾ ਸਮਾਂ ਇਨ੍ਹਾਂ ਜਿਣਸਾਂ ਨੂੰ ਪ੍ਰੋਸੈਸ ਤੇ ਡੱਬਾਬੰਦ ਕਰ ਕੇ ਖਪਤਕਾਰਾਂ ਤੱਕ ਪਹੁੰਚਦੀਆਂ ਕਰਨ ਦਾ ਕੰਮ ਵੀ ਚੱਲਦਾ ਰਿਹਾ ਹੈ ਪਰ 2014 ਵਿੱਚ ਮਹਿੰਦਰ ਕੌਰ ਦੀ ਜੀਵਨ ਯਾਤਰਾ ਪੂਰੀ ਹੋਣ ਤੋਂ ਬਾਅਦ ਪ੍ਰੋਸੈਸਿੰਗ ਦਾ ਇਹ ਪ੍ਰਾਜੈਕਟ ਬੰਦ ਹੋ ਗਿਆ।

### ਖੋਜਾਂ ਨੂੰ ਵਿਸ਼ਵ ਪੱਧਰ 'ਤੇ ਮਿਲੀ ਮਾਨਤਾ

ਯੂਨੀਵਰਸਿਟੀਆਂ ਤੋਂ ਬਾਹਰ ਕਿਸਾਨਾਂ ਦੇ ਖੇਤਾਂ ਵਿੱਚ ਹੋਣ ਵਾਲੀਆਂ ਖੋਜਾਂ ਨੂੰ ਮਾਨਤਾ ਦੇਣ ਲਈ ਹਰ ਪੰਜ ਸਾਲ ਬਾਅਦ ਇੰਗਲੈਂਡ ਵਿੱਚ ਈਲੀਆ ਪ੍ਰਕਾਸ਼ਨ ਵੱਲੋਂ ਛਪਣ ਵਾਲੀ ਪੁਸਤਕ 'ਫਾਰਮਰ ਰਿਸਰਚ ਇਨ ਪ੍ਰੈਕਟਿਸ' ਦੇ 1997 ਤੋਂ 2002 ਦੇ ਐਡੀਸ਼ਨ ਵਿੱਚ ਦੋਸਾਂਝ ਫਾਰਮ 'ਤੇ ਕੀਤੀਆਂ ਗਈਆਂ ਖੋਜਾਂ ਦਾ ਨੌਂ ਪੰਨਿਆਂ 'ਤੇ ਕੀਤੀਆਂ ਗਈਆਂ ਖੋਜਾਂ ਦਾ ਨੌਂ ਪੰਨਿਆਂ 'ਤੇ ਜ਼ਿਕਰ ਹੈ। ਉਸ ਨੂੰ ਪੰਜਾਬ ਸਰਕਾਰ ਨੇ ਵੱਖ-ਵੱਖ ਸਮੇਂ ਸਟੇਟ ਸੀਡ ਸਬ-ਕਮੇਟੀ ਅਤੇ ਪੰਜਾਬ ਸਟੇਟ ਸੀਡ ਸਰਟੀਫਿਕੇਸ਼ਨ ਅਥਾਰਟੀ ਦੇ ਗਵਰਨਿੰਗ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ। ਉਹ ਪਹਿਲਾਂ ਜਲੰਧਰ ਤੋਂ ਹੁਣ ਨਵਾਂਸ਼ਹਿਰ ਦੀ ਜ਼ਿਲ੍ਹਾ ਖੇਤੀਬਾੜੀ ਪੈਦਾਵਾਰ ਕਮੇਟੀ ਦਾ ਮੈਂਬਰ ਹੈ।

# ਅੰਬਾਂ ਦੇ ਬੂਟਿਆਂ ਦੀ ਲੁਆਈ ਅਤੇ ਸਾਂਭ-ਸੰਭਾਲ



**ਹਰਜੋਤ ਸਿੰਘ ਸੋਹੀ ਅਤੇ ਇੰਦਰਾ ਦੇਵੀ,**
ਫਲ ਖੋਜ ਕੇਂਦਰ, ਗੰਗੀਆਂ
(ਮੋ. 94598-72106)

ਅੰਬ ਦੇ ਬਗੀਚੇ ਦੀ ਮਿਆਰ ਸਿਹਤਮੰਦ, ਉੱਚ-ਗੁਣਵੱਤਾ ਵਾਲੇ ਪੌਦਿਆਂ ਦੇ ਪਾਲਣ ਪੋਸ਼ਣ ਨਾਲ ਸ਼ੁਰੂ ਹੁੰਦੀ ਹੈ, ਇਹ ਪ੍ਰਕਿਰਿਆ ਚੰਗੀ ਨਰਸਰੀ ਉੱਤੇ ਨਿਰਭਰ ਕਰਦੀ ਹੈ।

**ਅੰਬ ਦੇ ਬੂਟੇ ਲਗਾਉਣ ਤੋਂ ਪਹਿਲਾਂ ਜ਼ਰੂਰੀ ਨੁਕਤੇ, ਸਮੱਸਿਆਵਾਂ ਅਤੇ ਹੱਲ :**

ਅੰਬ ਕਈ ਤਰ੍ਹਾਂ ਦੀਆਂ ਜ਼ਮੀਨਾਂ ਵਿਚ ਉਗਾਇਆ ਜਾ ਸਕਦਾ ਹੈ ਪਰ ਇਸ ਲਈ ਜ਼ਮੀਨ ਡੂੰਘੀ ਹੋਵੇ ਜਿਸ ਵਿਚ ਸਖਤ ਰੋੜ ਆਦਿ ਦੀ ਤਹਿ 6 ਫੁੱਟ ਤੱਕ ਨਹੀਂ ਹੋਣੀ ਚਾਹੀਦੀ। ਜੇਕਰ ਮਿੱਟੀ ਵਿਚ ਸਖਤ ਰੋੜਾਂ ਦੀ ਤਹਿ ਪਾਈ ਜਾਂਦੀ ਹੈ ਤਾਂ ਟੋਏ ਨੂੰ ਤਿਆਰ ਕਰਨ ਤੋਂ ਪਹਿਲਾਂ ਮਿੱਟੀ ਦੇ ਛੇ ਫੁੱਟ ਤੱਕ ਇਹ ਤਹਿ ਹਟਾ ਦੇਣੀ ਚਾਹੀਦੀ ਹੈ।

ਅੰਬ ਦੇ ਬੂਟੇ ਲਗਾਉਣ ਵਾਲੀ ਜਗ੍ਹਾ ਦੀ ਮਿੱਟੀ ਦੇ ਤੱਤਾਂ ਦਾ ਦਰਜਾ



ਅਤੇ ਹੋਰ ਹਾਲਤਾਂ ਵੀ ਅੰਬ ਦੇ ਬੂਟੇ ਦੇ ਵਾਧੇ ਲਈ ਬਹੁਤ ਜ਼ਰੂਰੀ ਹਨ। ਇਸ ਕਰਕੇ ਬਾਗ ਲਾਉਣ ਵਾਲੀ ਜ਼ਮੀਨ ਦੇ ਨਮੂਨੇ 2 ਮੀਟਰ ਦੀ ਡੂੰਘਾਈ ਤੱਕ ਲੈਣੇ ਚਾਹੀਦੇ ਹਨ। ਅੰਬ ਲਗਾਉਣ ਵਾਲੀ ਜ਼ਮੀਨ ਵਿਚ ਬਹੁਤਾ ਨਮਕੀਨ ਪਦਾਰਥ ਨਾ ਹੋਵੇ ਅਤੇ ਬਿਜਲੀ ਦੀ ਚਾਲਕਤਾ ਦੀ ਹੱਦ 1.0 ਮਿਲੀ ਮਹੌਜ਼/ਸੈਂਟੀਮੀਟਰ ਤੋਂ ਜ਼ਿਆਦਾ ਨਾ ਹੋਵੇ।

ਬੂਟੇ ਲਾਉਣ ਤੋਂ ਪਹਿਲਾਂ ਬਾਗ ਦੀ ਵਿਉਂਤਬੰਦੀ ਕਰ ਲਉ। ਹਰ ਬੂਟੇਲਈ ਇਕ ਮੀਟਰ ਘੇਰੇ ਵਾਲੇ ਟੋਏ ਪੁੱਟ ਲਉ। ਇਨ੍ਹਾਂ ਟੋਇਆਂ ਵਿਚ ਉੱਪਰਲੀ ਮਿੱਟੀ ਅਤੇ ਚੰਗੀ ਤਰ੍ਹਾਂ ਤਿਆਰ ਰੂੜੀ ਬਰਾਬਰ ਮਾਤਰਾ ਵਿਚ ਪਾਓ। ਅੰਬ ਲਈ ਚੁਣੀ ਹੋਈ ਜ਼ਮੀਨ ਵਿਚ ਕੈਲਸ਼ੀਅਮ ਕਾਰਬੋਨੇਟ ਅਤੇ ਚੂਨਾ ਕ੍ਰਮਵਾਰ 10% ਅਤੇ 20% ਤੋਂ ਘੱਟ ਹੋਣੇ ਚਾਹੀਦੇ ਹਨ। ਜ਼ਮੀਨ ਦੀ ਰਸਾਇਣਿਕ ਕਿਰਿਆ (ਪੀ ਐਚ) 60 ਸੈਂਟੀਟਰ ਤੱਕ 8.5 ਤੋਂ ਜ਼ਿਆਦਾ ਨਾ ਹੋਵੇ।

ਬੂਟਿਆਂ ਨੂੰ ਨਰਸਰੀ ਵਿੱਚੋਂ ਲੈ ਜਾਣ ਸਮੇਂ ਧਿਆਨ ਰੱਖੋ ਕਿ ਬੂਟੇ ਦੀ ਗਾਚੀ ਨਾ ਟੁੱਟ ਜਾਵੇ। ਗਾਚੀ ਟੁੱਟਣ ਜਾਂ ਗਾਚੀ ਵਿਚ ਤ੍ਰੇੜ ਆ ਜਾਣ ਕਾਰਨ ਬੂਟੇ ਲਗਾਉਣ ਪਿੱਛੋਂ ਅਕਸਰ ਸੁੱਕ ਜਾਂਦੇ ਹਨ। ਟਰਾਲੀ ਜਾਂ ਟਰੱਕ ਵਿਚ ਬੂਟਿਆਂ ਨੂੰ ਲੱਦਣ ਤੋਂ ਪਹਿਲਾਂ ਥੱਲੇ ਘਾਹ-ਫੂਸ, ਪਰਾਲੀ ਜਾਂ ਰੇਤੇ ਦੀ ਤਹਿ ਜਮਾਂ ਲਉ ਤਾਂ ਕਿ ਆਵਾਜਾਈ ਵੇਲੇ ਬੂਟਿਆਂ ਦੀ ਗਾਚੀ ਨਾ ਟੁੱਟੇ। ਅੰਬ ਦੀਆਂ ਜੜ੍ਹਾਂ ਲੰਬੀਆਂ ਹੁੰਦੀਆਂ ਹਨ, ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਨਰਸਰੀ ਤੋਂ ਲਿਆਂਦੇ ਪੌਦੇ ਨੂੰ ਜ਼ਮੀਨ ਵਿਚ ਲਗਾਉਣ ਸਮੇਂ ਇਸ ਦੀਆਂ ਜੜ੍ਹਾਂ ਨੂੰ ਨੁਕਸਾਨ ਨਾ ਪਹੁੰਚੇ ਇਸ ਨੂੰ ਨੁਕਸਾਨ ਪਹੁੰਚਿਆ ਤਾਂ ਅੰਬ ਦੇ ਪੌਦੇ ਮਰ ਸਕਦੇ ਹਨ।

ਤਿੰਨ ਮਹੀਨਿਆਂ ਤੋਂ ਵਡੇਰੀ ਉਮਰ ਦੇ ਬੂਟਿਆਂ ਦੇ ਪੱਤਿਆਂ ਦੇ ਨੇੜੇ ਦੀ ਥਾਂ ਫੁੱਲ ਜਾਂਦੀ ਹੈ। ਸਿਰੇ ਤੋਂ ਟਾਹਣੀਆਂ ਗੁੱਛਾ-ਮੁੱਛਾ ਹੋ ਜਾਂਦੀਆਂ ਹਨ। ਫਲ ਪਏ ਬੂਟਿਆਂ ਦੀਆਂ ਡੰਡੀਆਂ ਤੇ ਮਾੜਾ ਅਸਰ ਪੈਂਦਾ ਹੈ। ਰੋਗੀ ਟਾਹਣੀਆਂ ਨੂੰ ਹਰ ਮਹੀਨੇ ਲਾਹ ਕੇ ਸਾੜ ਦਿਓ।

ਪਾਣੀ ਦੀ ਬੱਚਤ ਅਤੇ ਪਾਣੀ ਦੀ ਵਾਧ-ਘਾਟ ਨਾਲ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਲਈ ਜ਼ਮੀਨ ਨੂੰ ਬਾਗ ਲਾਉਣ ਤੋਂ ਪਹਿਲਾਂ ਲੇਜ਼ਰ ਕਰਾਹੇ ਨਾਲ ਪੱਧਰਾ ਕਰੋ। ਅੰਬ ਲਈ ਪਾਣੀ ਦੀ ਸਤਹਿ ਧਰਤੀ ਵਿਚ 3 ਮੀਟਰ ਤੋਂ ਹੇਠਾਂ ਹੋਵੇ ਤਾਂ ਚੰਗੀ ਗੱਲ ਹੈ।

ਅੰਬ ਮੁੱਖ ਤੌਰ 'ਤੇ ਇਕ ਗਰਮ ਰੁੱਤ ਦਾ ਫਲ ਹੈ, ਇਸਦੇ ਵਿਕਾਸ ਦੇ ਪੜਾਅ ਦੌਰਾਨ 24-27 ਡਿਗਰੀ ਸੈਲਸੀਅਸ ਦੇ ਤਾਪਮਾਨ ਵਿਚ ਸਭ ਤੋਂ ਵੱਧ ਲਾਭਦਾਇਕ ਹੈ, ਉੱਚ ਨਮੀਂ ਦੇ ਨਾਲ ਜਦੋਂ ਤਾਪਮਾਨ-1 ਡਿਗਰੀ ਸੈਲਸੀਅਸ ਤੋਂ ਘੱਟ ਜਾਂਦਾ ਹੈ ਤਾਂ ਨਵੇਂ ਲਾਏ ਅੰਬ ਦੇ ਪੌਦੇ ਅਤੇ ਨਵੀਆਂ ਟਾਹਣੀਆਂ ਠੰਡ ਦੇ ਨੁਕਸਾਨ ਲਈ ਸੰਵੇਦਨਸ਼ੀਲ ਹੁੰਦੀਆਂ ਹਨ, ਜਦੋਂ ਕਿ ਜੇਕਰ ਤਾਪਮਾਨ ਅਚਾਨਕ 4.5 ਡਿਗਰੀ ਸੈਲਸੀਅਸ ਤੋਂ ਘੱਟ ਜਾਂਦਾ ਹੈ ਤਾਂ ਵਿਕਾਸਸ਼ੀਲ ਫਲਾਂ ਨੂੰ ਨੁਕਸਾਨ ਹੋ ਸਕਦਾ ਹੈ।

ਅੰਬ, ਇਕ ਸਦਾਬਹਾਰ ਫਲ ਪੌਦਾ ਹੋਣ ਦੇ ਨਾਤੇ ਫਰਵਰੀ ਤੋਂ ਮਾਰਚ ਤੱਕ ਅਤੇ ਫਿਰ ਅਗਸਤ ਤੋਂ ਸਤੰਬਰ ਤੱਕ ਹਰੇਕ ਮਾਪ ਵਿਚ ਲਾਇਆ ਜਾ ਸਕਦਾ ਹੈ। ਬੂਟੇ ਲਗਾਉਣ ਦਾ ਅਨੁਕੂਲ ਸਮਾਂ ਅਗਸਤ ਤੋਂ ਸਤੰਬਰ ਤੱਕ ਹੁੰਦਾ ਹੈ, ਜਦੋਂ



ਮੌਸਮ ਮੁਕਾਬਲਤਨ ਠੰਡਾ ਹੁੰਦਾ ਹੈ।

ਵਿਗਿਆਨਕ ਢੰਗ ਨਾਲ ਅੰਬ ਦੇ ਬੂਟੇ ਪਾਸੇ ਪਿਉਂਦ ਤੋਂ ਇਲਾਵਾ ਫਾਨਾ ਪਿਉਂਦ ਵਿਧੀ ਨਾਲ ਵੀ ਅੱਧ ਜੁਲਾਈ ਤੋਂ ਅਖੀਰ ਅਗਸਤ ਮਹੀਨਿਆਂ ਦੌਰਾਨ ਨਰਸਰੀ ਜਾਂ ਸੁਰੱਖਿਅਤ ਹਾਲਤਾਂ (ਪੋਲੀਹਾਊਸ) ਵਿਚ ਤਿਆਰ ਕੀਤੇ ਜਾ ਸਕਦੇ ਹਨ। ਇਸ ਵਿਧੀ ਲਈ ਜੜ੍ਹ-ਮੁੱਢ ਦੀ ਮੋਟਾਈ ਅੱਖਾਂ ਵਾਲੀ ਟਾਹਣੀ ਦੇ ਬਰਾਬਰ ਜਾਂ ਇਸ ਤੋਂ ਮੋਟੀ ਹੋਣੀ ਚਾਹੀਦੀ ਹੈ। ਪਿਉਂਦ ਵਾਲੀ ਟਾਹਣੀ ਨਰੋਈ, ਤੰਦਰੁਸਤ ਅਤੇ 3-4 ਮਹੀਨੇ ਪੁਰਾਣੀ ਹੋਣੀ ਚਾਹੀਦੀ ਹੈ ਅਤੇ ਪਿਉਂਦ ਕਰਨ ਤੋਂ 8-10 ਦਿਨ ਪਹਿਲਾਂ ਇਸ ਟਾਹਣੀ ਤੋਂ ਪੱਤੇ, ਡੰਡੀਆਂ ਛੱਡ ਕੇ ਕੱਟ ਦਿਓ। ਜੜ੍ਹ-ਮੁੱਢ ਨੂੰ ਵੀ 3-4 ਪੱਤੇ ਰੱਖ ਕੇ ਨਵੀਂ ਫੋਟ ਵਾਲੀ ਜਗ੍ਹਾ ਤੋਂ ਉੱਪਰ ਕੱਟ ਕੇ ਤਿਆਰ ਕਰੋ। ਪਿਉਂਦ ਕੀਤੇ ਭਾਗ ਤੋਂ ਨਵੀਂ ਫੋਟ ਦੇ ਹੇਠਾਂ ਉੱਗੇ ਫੁਟਾਰ ਨੂੰ ਕੱਟਦੇ ਰਹੋ। ਚੰਗੀ ਤਰ੍ਹਾਂ ਤਿਆਰ ਕੀਤੀ ਨਰਸਰੀ ਦੇ ਬੂਟੇ ਹੀ ਲਗਾਓ ਇਸ ਨਾਲ ਅੰਬ ਦੇ ਬੂਟੇ ਦੇ ਜੜ੍ਹ-ਮੁਢ ਵਾਲੀ ਜਗ੍ਹਾ ਤੰਦਰੁਸਤ ਅਤੇ ਬੂਟੇ ਦਾ ਵਿਕਾਸ ਸਹੀ ਢੰਗ ਨਾਲ ਹੋਵੇਗਾ।

ਗ੍ਰਾਫਟਿਡ ਕਿਸਮਾਂ ਲਈ, ਆਮ ਤੌਰ 'ਤੇ ਇਕ ਵਰਗ ਪ੍ਰਣਾਲੀ ਵਿਚ 9×9 ਮੀਟਰ ਦੀ ਦੂਰੀ 'ਤੇ ਲਗਾਏ ਜਾਂਦੇ ਹਨ, ਜਦੋਂ ਕਿ ਚੂਸਣ ਵਾਲੀ ਕਿਸਮ ਤੇ ਅੰਬ 10×10 ਮੀਟਰ ਦੀ ਦੂਰੀ 'ਤੇ ਲਗਾਏ ਜਾਂਦੇ ਹਨ।

ਅੰਬ ਦੇ ਪੌਦੇ 30 ਫੁੱਟ ਦੀ ਦੂਰੀ ਦੇ ਹਿਸਾਬ ਨਾਲ 7×7 ਕਤਾਰਾਂ ਅਤੇ ਕਤਾਰ ਵਿਚ 49 ਬੂਟੇ ਪ੍ਰਤੀ ਏਕੜ ਲਗਾਏ ਜਾ ਸਕਦੇ ਹਨ। ਅੰਬ ਦੀਆਂ ਚੰਗੀਆਂ ਨਸਲਾਂ ਦੇ ਬੂਟੇ ਪੀ.ਏ.ਯੂ., ਲੁਧਿਆਣਾ, ਐੱਮ ਐੱਸ ਰੰਧਾਵਾ, ਫਲ ਖੋਜ ਕੇਂਦਰ, ਗੰਗੀਆਂ (ਹੁਸ਼ਿਆਰਪੁਰ) ਅਤੇ ਖੇਤਰੀ ਖੋਜ ਕੇਂਦਰ, ਗੁਰਦਾਸਪੁਰ ਕੇਂਦਰ ਤੋਂ ਮਿਲਦੇ ਹਨ।

**ਅੰਬ ਦੀਆਂ ਉੱਨਤ ਕਿਸਮਾਂ :** ਅਲਫੈਂਜ਼ੋ, ਦੁਸਿਹਰੀ, ਲੰਗੜਾ ਇਸ ਦੇ ਨਾਲ ਚੂਪਣ ਵਾਲੇ ਅੰਬ ਦੀਆਂ ਕਿਸਮਾਂ ਗੰਗੀਆਂ ਸੰਧੂਰੀ (ਜੀ ਐੱਨ-19), ਜੀ ਐੱਨ-1, ਜੀ ਐੱਨ-2, ਜੀ ਐੱਨ-3, ਜੀ ਐੱਨ-4, ਜੀ ਐੱਨ-5, ਜੀ ਐੱਨ-6 ਅਤੇ ਜੀ ਐੱਨ-7 ਹਨ।

------ ਬਾਕੀ ਸਫਾ 12 ਦੀ ------

# ਮੱਝਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਖੁਰਾਕੀ ਪ੍ਰਬੰਧ

ਵਾਲੇ ਵੰਡ ਦੀ ਬਣਤਰ ਦਿੱਤੀ ਗਈ ਹੈ।

ਇਸ ਤਰ੍ਹਾਂ ਦੀ ਖੁਰਾਕ ਦੇਣ ਨਾਲ ਪਸ਼ੂ ਦੀ ਭੁੱਖ ਬਰਕਰਾਰ ਰਹਿੰਦੀ ਹੈ ਅਤੇ ਉਸ ਦਾ ਜਿਗਰ ਵੀ ਸੂਣ ਤੋਂ ਬਾਅਦ ਅਧਿਕ ਮਾਤਰਾ ਵਿੱਚ ਵੰਡ ਨੂੰ ਜਜ਼ਬ ਕਰਨ ਲਈ ਤਿਆਰ ਹੁੰਦਾ ਹੈ। ਪਸ਼ੂ ਨੂੰ 3 ਕਿਲੋ ਵੰਡ, 30 ਕਿਲੋ ਸਵਾਦਲਾ ਹਰਾ ਚਾਰਾ (ਬਰਸੀਮ ਅਤੇ ਜਵੀਂ 40 ਕਿਲੋ ਤੱਕ) ਅਤੇ 2 ਕਿਲੋ ਤੂੜੀ ਦੇਣੀ ਚਾਹੀਦੀ ਹੈ। ਜੇਕਰ ਨਰਮ ਹਰਾ ਚਾਰੇ ਦੀ ਬਹੁਲਤਾ ਵੀ ਹੋਵੇ ਤਾਂ ਵੀ ਸੂਣ ਤੋਂ ਪਹਿਲਾਂ ਪਸ਼ੂ ਨੂੰ ਖੁੱਲ੍ਹੀ ਮਾਤਰਾ ਵਿੱਚ ਨਹੀਂ ਦੇਣਾ ਚਾਹੀਦਾ ਕਿਉਂਕਿ ਨਰਮ ਹਰੇ ਚਾਰੇ ਵਿੱਚ ਪੋਟਾਸ਼ੀਅਮ ਦੀ ਮਾਤਰਾ ਅਧਿਕ ਹੋਣ ਕਰਕੇ ਪਸ਼ੂ ਨੂੰ ਸੂਤਕੀ ਬੁਖਾਰ (ਕੈਲਸ਼ੀਅਮ ਦੀ ਘਾਟ) ਹੋਣ ਦਾ ਡਰ ਹੁੰਦਾ ਹੈ। ਸੂਣ ਤੋਂ ਪਹਿਲਾਂ ਕਿਸੇ ਤਰ੍ਹਾਂ ਦਾ ਕੈਲਸ਼ੀਅਮ ਨਹੀਂ ਦੇਣਾ ਚਾਹੀਦਾ। ਕਿਸਾਨ ਭਰਾਵਾਂ ਨੂੰ ਚਾਹੀਦਾ ਹੈ ਕਿ ਪਸ਼ੂ ਨੂੰ ਲੋੜ ਮੁਤਾਬਿਕ ਖੁਰਾਕ ਦਿੱਤੀ ਜਾਵੇ। ਇਸ ਤਰ੍ਹਾਂ ਕਰਨ ਨਾਲ ਪਸ਼ੂ ਦੀ ਨਸਲ ਅਤੇ ਸਮਰੱਥਾ ਮੁਤਾਬਿਕ ਉਤਪਾਦਨ ਲਿਆ ਜਾ ਸਕਦਾ ਹੈ ਅਤੇ ਖੁਰਾਕ ਤੇ ਹੋਣ ਵਾਲੇ ਖਰਚੇ ਨੂੰ ਵੀ ਘਟਾਇਆ ਜਾ ਸਕਦਾ ਹੈ।

**ਖੁਰਾਕੀ ਤੱਤਾਂ ਨੂੰ ਸੰਤੁਲਿਤ ਕਰਨਾ :** ਡੇਅਰੀ ਰਾਸ਼ਨ ਬਣਾਉਣ ਲਈ ਕਈਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਰਾਸ਼ਨ ਵਿੱਚ ਕੱਚੇ ਰੇਸ਼ੇ ਦੀ ਮਾਤਰਾ ਵਧਾਈ ਜਾਂਦੀ ਹੈ ਤਾਂ ਊਰਜਾ ਅਤੇ ਪ੍ਰੋਟੀਨ ਦੀ ਮਾਤਰਾ ਘੱਟ ਜਾਂਦੀ ਹੈ ਅਤੇ ਦੁੱਧ ਦੀ ਪੈਦਾਵਾਰ ਤੇ ਅਸਰ ਪੈਂਦਾ ਹੈ। ਜੇ ਊਰਜਾ ਅਤੇ ਪ੍ਰੋਟੀਨ ਦੀ ਮਾਤਰਾ ਵਧਾਉਣ ਲਈ ਅਨਾਜ (ਕਣਕ, ਮੱਕੀ, ਬਾਜਰਾ ਜਾਂ ਚੌਲਾਂ ਦੀ ਕਣੀ) ਵਧਾਏ ਜਾਂਦੇ ਹਨ ਤਾਂ ਕੱਚਾ ਰੇਸ਼ਾ ਘੱਟ ਜਾਂਦਾ ਹੈ ਅਤੇ ਦੁੱਧ ਵਿੱਚ ਥਿੰਦਿਆਈ ਦੀ ਮਾਤਰਾ ਘੱਟ ਜਾਂਦੀ ਹੈ। ਜੇ ਹਰੇ ਪੱਠਿਆਂ ਦੀ ਮਾਤਰਾ ਲੋੜ ਤੋਂ ਘੱਟ ਹੈ ਤਾਂ ਪਸ਼ੂਆਂ ਦੇ ਮਿਹਦੇ ਵਿੱਚ ਤੇਜ਼ਾਬੀਪਨ ਆ ਜਾਂਦਾ ਹੈ ਅਤੇ ਖੁਰਾਕ ਦੇ ਹਜ਼ਮ ਹੋਣ ਤੇ ਮਾੜਾ ਅਸਰ ਪੈਂਦਾ ਹੈ। ਜੇ ਮਿਹਦੇ ਵਿੱਚ ਪ੍ਰਪਿਓਨਿਕ ਐਸਿਡ ਵੱਧ ਜਾਵੇ ਜਿਵੇਂ ਕਿ ਜ਼ਿਆਦਾ ਮਾਤਰਾ ਵਿੱਚ ਵੰਡ ਖੁਆਉਣ ਨਾਲ ਤਾਂ ਦੁੱਧ ਵਿੱਚ ਥਿੰਦਿਆਈ ਘੱਟਦੀ ਹੈ।

ਲਵੇਰਿਆਂ ਨੂੰ ਦੁੱਧ ਪੈਦਾ ਕਰਨ ਲਈ ਅਤੇ ਆਪਣੇ ਸਰੀਰ ਨੂੰ ਠੀਕ ਰੱਖਣ ਲਈ ਖੁਰਾਕ ਦੀ ਲੋੜ ਹੁੰਦੀ ਹੈ। ਕੱਚੀ ਪ੍ਰੋਟੀਨ ਦੀ ਲੋੜ 450-500 ਗ੍ਰਾਮ ਪ੍ਰਤੀ ਦਿਨ ਸਰੀਰ ਨੂੰ ਠੀਕ ਰੱਖਣ ਲਈ ਅਤੇ 80 ਗ੍ਰਾਮ ਪ੍ਰਤੀ ਕਿਲੋਗ੍ਰਾਮ ਦੁੱਧ ਲਈ ਚਾਹੀਦੀ ਹੈ। ਲੋੜੀਂਦੀ ਮਾਤਰਾ 'ਚ ਰਿਊਮਨ (ਮਿਹਦੇ ਦਾ ਪਹਿਲਾ ਹਿੱਸਾ) 'ਚ ਹਜ਼ਮ ਹੋਣ ਵਾਲੀ (ਆਰ ਡੀ ਪੀ) ਅਤੇ ਰਿਊਮਨ 'ਚ ਹਜ਼ਮ ਨਾ ਹੋਣ ਵਾਲੀ (ਯੂ ਡੀ ਪੀ) ਜਾਂ ਬਾਈਪਾਸ ਪ੍ਰੋਟੀਨ ਚਾਹੀਦੀ ਹੈ। ਜਿਵੇਂ-ਜਿਵੇਂ ਲਵੇਰਿਆਂ ਦੀ ਦੁੱਧ ਦੀ ਪੈਦਾਵਾਰ ਵਧਦੀ ਹੈ ਤਾਂ ਬਾਈਪਾਸ ਪ੍ਰੋਟੀਨ ਦੀ ਲੋੜ ਵੀ ਵੱਧ ਜਾਂਦੀ ਹੈ। ਬਰੀਵਰੀ ਅਨਾਜ, ਮੱਕੀ ਦੀ ਗਲੂਟਨ, ਵੜੇਵਿਆਂ ਦੀ ਖੱਲ ਅਤੇ ਭੁੰਨੀ ਹੋਈ ਸੋਇਆਬੀਨ ਵਿੱਚ ਜ਼ਿਆਦਾ ਮਾਤਰਾ ਵਿੱਚ ਬਾਈਪਾਸ ਪ੍ਰੋਟੀਨ ਹੁੰਦੀ ਹੈ।

**ਆਰ ਡੀ ਪੀ ਅਤੇ ਯੂ ਡੀ ਪੀ ਦਾ ਖੁਰਾਕ ਦੀ ਕੁਲ ਪ੍ਰੋਟੀਨ ਵਿੱਚ ਅਨੁਪਾਤ 70:30 ਹੋਣਾ ਚਾਹੀਦਾ ਹੈ।**

**ਲਵੇਰਿਆਂ ਦੀ ਖੁਰਾਕ ਬਣਾਉਣ ਅਤੇ ਵਰਤਣ ਸਬੰਧੀ ਕੁਝ ਨੁਕਤੇ :** 4-5 ਕਿਲੋ ਤੱਕ ਦੁੱਧ ਵਾਲੀਆਂ ਮੱਝਾਂ ਨੂੰ 35-40 ਕਿਲੋ ਹਰੇ ਪੱਠੇ ਅਤੇ 2 ਕਿਲੋ ਤੂੜੀ ਦੇਵੋ।

★ ਵਧੇਰੇ ਦੁੱਧ ਦੇਣ ਵਾਲੀਆਂ ਮੱਝਾਂ ਲਈ ਸੂਏ ਦੇ ਪਹਿਲੇ ਤਿੰਨ ਮਹੀਨੇ 50% ਵੰਡ ਅਤੇ 50% ਚਾਰਾ, ਬਾਅਦ ਵਿੱਚ 40% ਵੰਡ ਅਤੇ 60% ਚਾਰਾ ਅਤੇ ਸੂਏ ਦੇ ਅਖੀਰ ਵਿੱਚ 30% ਵੰਡ ਅਤੇ 70% ਚਾਰਾ ਦੇਵੋ।

★ ਸੰਤੁਲਿਤ ਖੁਰਾਕ ਸਿਰਫ ਦੁਧਾਰੂਆਂ ਲਈ ਹੀ ਨਹੀਂ ਬਲਕਿ ਕੱਟੀਆਂ ਅਤੇ ਗੱਭਣ ਪਸ਼ੂਆਂ ਲਈ ਵੀ ਜ਼ਰੂਰੀ ਹੈ।

★ ਇੱਕ ਵਾਰੀ 20-25 ਦਿਨਾਂ ਦਾ ਵੰਡ ਬਣਾ ਕੇ ਰੱਖੋ। ਜ਼ਿਆਦਾ ਸਮਾਂ ਸਟੋਰ ਕੀਤੇ ਵੰਡ ਨੂੰ ਉੱਲੀ ਲੱਗ ਜਾਂਦੀ ਹੈ। ਬਰਸਾਤਾਂ ਵਿੱਚ ਉਲੀ ਬਹੁਤ ਤੇਜ਼ੀ ਨਾਲ ਵੱਧਦੀ ਹੈ।

★ ਦਾਣਿਆਂ ਨੂੰ ਨਾ ਹੀ ਜ਼ਿਆਦਾ ਬਰੀਕ ਅਤੇ ਨਾ ਹੀ ਜ਼ਿਆਦਾ ਮੋਟਾ ਪੀਸਣਾ ਚਾਹੀਦਾ ਹੈ। ਗਰਾਈਂਡਰ ਵਿੱਚ 1.5 ਮਿਲੀਮੀਟਰ ਦੀ ਛਾਨਣੀ ਸਹੀ ਰਹਿੰਦੀ ਹੈ। ਜੇ ਗੋਹੇ ਵਿੱਚ ਦਾਣੇ ਦੇ ਅੰਸ਼ ਦਿਖਾਈ ਦੇਣ ਤਾਂ ਇਸ ਦਾ ਅਰਥ ਹੈ ਕਿ ਛਾਨਣੀ ਦਾ ਸਾਇਜ਼ ਜ਼ਿਆਦਾ ਹੈ।

★ ਵੰਡ ਦੀ ਮਾਤਰਾ ਪੱਠਿਆਂ ਤੇ ਨਿਰਭਰ ਕਰਦੀ ਹੈ। ਵਧੀਆ ਕੁਆਲਿਟੀ ਦੇ ਪੱਠਿਆਂ ਨਾਲ ਵੰਡ ਦੀ ਜ਼ਰੂਰਤ ਘੱਟ ਜਾਂਦੀ ਹੈ।

★ ਇੱਕ ਤੋਂ ਵੱਧ ਖਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਕਿ ਸਾਰੇ ਅਮੀਨੋ ਐਸਿਡ ਸਹੀ ਮਾਤਰਾ ਵਿੱਚ ਮਿਲ ਸਕਣ।

★ ਜੇ ਵੰਡ ਜ਼ਿਆਦਾ ਮਾਤਰਾ ਵਿੱਚ ਦੇਣੀ ਹੋਵੇ ਜਿਵੇਂ ਕਿ 7-8 ਕਿਲੋ ਪ੍ਰਤੀ ਦਿਨ ਜਾਂ ਸਾਈਲੇਜ ਦੀ ਪਸ਼ੂ ਦੀ ਖੁਰਾਕ ਵਿੱਚ ਸ਼ਾਮਿਲ ਹੋਵੇ ਤਾਂ 100 ਕਿਲੋ ਵੰਡ ਵਿੱਚ 1 ਕਿਲੋ ਬਫਰ (0.7 ਮਿੱਠਾ ਸੋਡਾ + 0.3 ਮੈਗਨੀਸ਼ੀਅਮ ਆਕਸਾਈਡ) ਮਿਲਾ ਦੇਵੋ। ਇਸ ਨਾਲ ਪਸ਼ੂ ਬਦਹਜ਼ਮੀ ਤੋਂ ਬਚਿਆ ਰਹਿੰਦਾ ਹੈ।

# ਪਾਰਕਾਂ ਅਤੇ ਘਰੇਲੂ ਗਮਲਿਆਂ ਵਿੱਚ
# ਗੁਲਦੋਦੀ ਲਗਾਉਣ ਦਾ ਢੁੱਕਵਾਂ ਸਮਾਂ

ਗੁਲਦੋਦੀ ਇੱਕ ਬਹੁਤ ਹੀ ਮਹੱਤਵਪੂਰਨ ਫੁੱਲਾਂ ਦੀ ਕਿਸਮ ਹੈ। ਪੰਜਾਬ ਵਿੱਚ ਇਸ ਦੀਆਂ ਰੂਟਿਡ ਕਟਿੰਗ ਜੁਲਾਈ-ਅਗਸਤ ਮਹੀਨੇ ਪਾਰਕਾਂ ਅਤੇ ਘਰੇਲੂ ਗਮਲਿਆਂ ਵਿੱਚ ਅਸਾਨੀ ਨਾਲ ਲਗਾਈਆਂ ਜਾ ਸਕਦੀਆਂ ਹਨ। ਇਹ ਅਕਤੂਬਰ ਤੋਂ ਦਸੰਬਰ ਤੱਕ ਫੁੱਲਾਂ ਦੀ ਬਹਾਰ ਦਿੰਦੀ ਹੈ। ਪੰਜਾਬ ਅਤੇ ਚੰਡੀਗੜ੍ਹ ਵਿਚ ਦਸੰਬਰ ਮਹੀਨੇ ਗੁਲਦੌਦੀ ਫੁੱਲਾਂ ਦੀਆਂ ਨੁਮਾਇਸ਼ਾਂ ਅਤੇ ਮੁਕਾਬਲੇ, ਵੱਖ-ਵੱਖ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਹਨ, ਜਿਸ ਵਿਚ ਤੁਸੀਂ ਭਾਗ ਲੈ ਕੇ ਇਨਾਮ ਜਿੱਤ ਸਕਦੇ ਹੋ। ਨੌਜਵਾਨ ਲੜਕੇ







ਡਾ. ਸਵਰਨ ਸਿੰਘ ਮਾਨ,
ਸਾਬਕਾ ਉਪ ਡਾਇਰੈਕਟਰ, ਬਾਗਬਾਨੀ ਪਟਿਆਲਾ ਕਮ ਸਾਬਕਾ ਨੋਡਲ ਅਫਸਰ ਅਮਰੂਦ ਪੰਜਾਬ
(ਮੋ.75080-18903)

ਲੜਕੀਆਂ ਇਹ ਕੰਮ ਵਪਾਰਕ ਪੱਖ ਤੋਂ ਵੀ ਕਰ ਸਕਦੇ ਹਨ। ਗੁਲਦੋਦੀ ਫੁੱਲਾਂ ਨਾਲ ਭਰਿਆ ਗਮਲਾ 200 ਤੋਂ 300 ਰੁਪਏ ਤੱਕ ਵਿਕ ਜਾਂਦਾ ਹੈ। ਇਹ ਗਮਲੇ ਪ੍ਰਾਈਵੇਟ ਵਿਅਕਤੀ, ਪ੍ਰਾਈਵੇਟ ਸੰਸਥਾਵਾਂ ਅਤੇ ਬੈਂਕ/ਦਫਤਰ ਆਦਿ ਵਾਲੇ ਖਰੀਦ ਲੈਂਦੇ ਹਨ। ਗੁਲਦੋਦੀ ਦੀਆਂ 2 ਕਿਸਮਾਂ ਹੁੰਦੀਆਂ ਹਨ - ਸਟੈਂਡਰਡ ਅਤੇ ਸਪਰੇ। ਸਟੈਂਡਰਡ ਅਤੇ ਸਪਰੇ ਕਿਸਮਾਂ ਦੀਆਂ ਵੱਖ-ਵੱਖ ਰੰਗਾਂ ਦੀਆਂ ਵਰਾਇਟੀਆਂ ਹੁੰਦੀਆਂ ਹਨ। ਸਪਰੇ ਗੁਲਦੋਦੀ ਦੇ ਫੁੱਲਾਂ ਦੀ ਵਰਤੋਂ ਬੁੱਕੇ, ਹਾਰ, ਲੜੀਆਂ, ਕੱਟ ਫਲਾਵਰ ਅਤੇ ਫਲਾਵਰ ਅਰੇਜਮੈਂਟ ਆਦਿ ਵਿੱਚ ਬਹੁਤ ਮਾਤਰਾ ਵਿੱਚ ਕੀਤੀ ਜਾਂਦੀ ਹੈ। ਗੁਲਦੋਦੀ ਦੇ ਵਧੀਆ ਕਿਸਮ ਦੇ ਫੁੱਲ ਲੈਣ ਲਈ ਤਕਨੀਕੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਤਕਨੀਕੀ ਜਾਣਕਾਰੀ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਨੂੰ ਮਿਲ ਕੇ ਮੁਫਤ ਪ੍ਰਾਪਤ ਕੀਤੀ ਜਾ ਸਕਦੀ ਹੈ। ਸਟੈਂਡਰਡ ਵਰਾਇਟੀਆਂ ਵਿਚ ਸਿੰਗਲ ਸਟਿਮ ਰੱਖ ਕੇ disbudding / ਸਾਈਡ ਬਡਜ਼ ਤੋੜਨੇ ਪੈਂਦੇ ਹਨ ਅਤੇ ਇਸੇ ਤਰ੍ਹਾਂ ਸਪਰੇ ਵਰਾਇਟੀਆਂ ਵਿਚ ਜ਼ਿਆਦਾ ਫੁੱਲ ਲੈਣ ਲਈ ਟਰਮੀਨਲ ਬਡਜ਼ ਦੀ ਪੈਨਚਿੰਗ (ਤੋੜਨਾ) ਕਰਨੀ ਪੈਂਦੀ ਹੈ ਤਾਂ ਕਿ ਵੱਧ ਤੋਂ ਵੱਧ ਨਵੀਆਂ ਟਾਹਣੀਆਂ ਪ੍ਰਾਪਤ ਕੀਤੀਆਂ ਜਾ ਸਕਣ। ਸਮੇਂ-ਸਮੇਂ ਤੇ ਗੋਡੀ, ਖਾਦ ਪਾਉਣੀ ਅਤੇ ਕੀੜੇਮਾਰ / ਬਿਮਾਰੀਆਂ ਤੋਂ ਬਚਾਅ ਲਈ ਸਪਰੇ ਕਰਨੀ ਪੈਂਦੀ ਹੈ।

ਗਮਲਿਆਂ ਵਿਚ ਗੁਲਦੋਦੀ ਤਿਆਰ ਕਰਨ ਲਈ ਪਹਿਲਾਂ ਮਿੱਟੀ ਦਾ ਮਿਕਸਰ ਤਿਆਰ ਕੀਤਾ ਜਾਂਦਾ ਹੈ, ਜਿਸ ਵਿਚ ਇਕ ਹਿੱਸਾ ਖੇਤ ਦੀ ਮਿੱਟੀ, ਇਕ ਹਿੱਸਾ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਦੀ ਖਾਦ ਜਾਂ ਗੰਡੋਇਆਂ ਦੀ ਖਾਦ ਅਤੇ ਇਕ ਹਿੱਸਾ ਪੱਤਿਆਂ ਦੀ ਖਾਦ ਹੋਣੀ ਚਾਹੀਦੀ ਹੈ। ਗਮਲੇ 10" ਜਾਂ 12" ਸਾਈਜ਼ ਦੇ ਹੋ ਸਕਦੇ ਹਨ। ਇਕ ਕਿਊਬਿਕ ਮੀਟਰ ਮਿੱਟੀ ਦੇ ਮਿਕਸਰ ਵਿਚ 2 ਕਿਲੋ ਮਿਕਚਰ ਕਿਸਾਨ ਖਾਦ (CAN), ਸਿੰਗਲ ਸੁਪਰਫਾਸਫੇਟ (SSP) ਅਤੇ ਮਿਊਰੇਟ ਆਫ ਪੋਟਾਸ਼ (MOP) (2:2:1) ਦੇ ਅਨੁਪਾਤ ਵਿਚ ਪਾਉਣਾ ਚਾਹੀਦਾ ਹੈ। ਜਦੋਂ ਤੱਕ ਫੁੱਲਾਂ ਦੀ ਬਹਾਰ ਖਤਮ ਨਹੀਂ ਹੁੰਦੀ, ਰੂਟ ਸਕਰਜ਼ ਤੋੜਦੇ ਰਹਿਣਾ ਚਾਹੀਦਾ ਹੈ, ਨਹੀਂ ਤਾਂ ਫੁੱਲਾਂ ਦੀ ਕੁਆਲਿਟੀ ਚੰਗੀ ਨਹੀਂ ਹੋਵੇਗੀ।

ਸਟੈਂਡਰਡ ਵਰਾਇਟੀਆਂ ਵਿੱਚ ਤਣੇ ਨੂੰ ਸਪੋਰਟ ਦੇਣ ਲਈ ਇਕ ਕਾਨੇ ਜਾਂ ਬਾਂਸ ਦੀ ਸਟਿਕ ਦੀ ਜ਼ਰੂਰਤ ਪੈਂਦੀ ਹੈ ਅਤੇ ਸਪਰੇ ਵਰਾਇਟੀਆਂ ਵਿਚ 3 ਜਾਂ 4 ਕਾਨੇ ਜਾਂ ਬਾਂਸ ਸਟਿਕ ਦੀ ਜ਼ਰੂਰਤ ਪੈਂਦੀ ਹੈ। ਫਿਰ ਇਹ ਸੇਬੇ ਜਾਂ ਪਤਲੀ ਰੱਸੀ ਨਾਲ ਕਾਨੇ ਜਾਂ ਬਾਂਸ ਸਟਿਕ ਦੇ ਆਲੇ-ਦੁਆਲੇ ਬੰਨਿਆ ਜਾਂਦਾ ਹੈ ਤਾਂ ਕਿ ਫੁੱਲਾਂ ਦੀਆਂ ਟਾਹਣੀਆਂ ਨੀਚੇ ਨਾ ਡਿੱਗਣ। ਫੁੱਲਾਂ ਦੇ ਸਾਈਜ਼, ਸ਼ੇਪ (Shape) ਅਤੇ ਨੰਬਰ ਦੇ ਅਧਾਰ ਤੇ ਗੁਲਦੋਦੀ ਨੂੰ ਹੇਠ ਲਿਖੇ ਵੱਖ-ਵੱਖ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ।

(1) ਇਨਕਰਵਡ (Incurved) : ਫੁੱਲਾਂ ਦੀਆਂ ਪੱਤੀਆ ਉਪਰ ਅਤੇ ਹੇਠਾਂ ਵੱਲ ਮੁੜੀਆਂ ਹੁੰਦੀਆਂ ਹਨ ਅਤੇ ਇਕ ਬਾਲ ਦੀ ਸ਼ਕਲ ਬਣ ਜਾਂਦੀ ਹੈ।

(2) ਇਨਕਰਵਿੰਗ (Incurving) : ਫੁੱਲਾਂ ਦੀਆਂ ਪੱਤੀਆਂ ਲੂਜ਼ ਅਤੇ ਬੇਤਰਤੀਬ ਵਿਚ ਹੁੰਦੀਆਂ ਹਨ ਅਤੇ ਬਾਲ ਨਹੀਂ ਬਣਦੀ।

(3) ਐਨੀਮੋਨ (Anemone) : ਫੁੱਲਾਂ ਦੀਆਂ ਪੱਤੀਆਂ ਦੀ ਫਲੈਟ ਡਿਸਕ ਬਣ ਜਾਂਦੀ ਹੈ।

(4) ਸਿੰਗਲ ਕੋਰੀਅਨ (Single Korean) : ਫੁੱਲਾਂ ਦੀਆਂ ਪੱਤੀਆਂ ਦੀ ਪ੍ਰਮੁੱਖ ਸੈਂਟਰਲ ਡਿਸਕ ਬਣਾਉਂਦੀਆਂ ਹਨ।

(5) ਡਬਲ ਕੋਰੀਅਨ (Double Korean) : ਸੈਂਟਰਲ ਡਿਸਕ ਬਹੁਤ ਪ੍ਰੋਮੀਨੈਂਟ ਨਹੀਂ ਹੁੰਦੀ।

(6) ਪੋਮਪਨ (Pompen) : ਛੋਟੀਆਂ ਫੁੱਲ ਪੱਤੀਆਂ, ਡਿਸਕ ਨਾਂ ਦੇ ਬਰਾਬਰ ਹੁੰਦੀ ਹੈ। ਫੁੱਲ ਪੱਤੀਆਂ ਤਰਤੀਬ ਵਿਚ ਹੋ ਕੇ ਕਮਪੈਕਟ ਹੋਮੀ ਸਫੈਰੀਕਲ ਸ਼ਕਲ ਬਣਾਉਂਦੀਆਂ ਹਨ।

(7) ਸਪੂਨ (Spoon) : ਫੁੱਲ ਪੱਤੀਆਂ ਚਮਚ ਦੀ ਤਰ੍ਹਾਂ ਸ਼ਕਲ ਬਣਾਉਂਦੀਆਂ ਹਨ।

(8) ਬਟਨ (Button) : 2-3 ਸੈਂਟੀਮੀਟਰ ਛੋਟੀਆਂ ਫੁੱਲ ਪੱਤੀਆਂ ਕਮਪੈਕਟ ਹੋਮੀਸਫੈਰੀਕਲ ਦੀ ਸ਼ਕਲ ਬਣਾਉਂਦੀਆਂ ਹਨ।



(9) ਸਪਾਈਡਰ (Spider) : ਇਸ ਦੀਆਂ ਫੁੱਲ ਪੱਤੀਆਂ ਮੱਕੜੀ ਦੀ ਤਰ੍ਹਾਂ ਸ਼ਕਲ ਬਣਾਉਂਦੀਆਂ ਹਨ।

(10) ਰੈਫਲੈਕਸਡ (Reflexed) : ਫੁੱਲ ਪੱਤੀਆਂ ਹੇਠਾਂ ਵੱਲ ਮੁੜੀਆਂ ਹੁੰਦੀਆਂ ਹਨ।

### ਗੁਲਦੌਦੀ ਨੂੰ ਕਾਮਯਾਬੀ ਨਾਲ ਤਿਆਰ ਕਰਨ ਲਈ ਨੁਕਤੇ ਅਤੇ ਸਾਵਧਾਨੀਆਂ :

1. ਗੁਲਦੌਦੀ ਨੂੰ ਤਿਆਰ ਕਰਦੇ ਸਮੇਂ 5-6 ਘੰਟੇ ਧੁੱਪ ਦਾ ਹੋਣਾ ਬਹੁਤ ਜ਼ਰੂਰੀ ਹੈ।

2. ਗੁਲਦੌਦੀ ਦੇ ਬੂਟਿਆਂ ਵਿਚ ਬਾਰਸ਼ ਦਾ ਪਾਣੀ ਜ਼ਿਆਦਾ ਦੇਰ ਨਹੀਂ ਖੜਨਾ ਚਾਹੀਦਾ।

3. ਜ਼ਿਆਦਾ ਅਤੇ ਵਧੀਆ ਕਿਸਮ ਦੇ ਫੁੱਲ ਲੈਣ ਲਈ ਸਰ੍ਹੋਂ ਦੀ ਖਲ ਜਾਂ ਬੋਨ ਮੀਲ 15-20 ਦਿਨਾਂ ਦੇ ਫਰਕ ਨਾਲ ਪਾ ਦੇਣੀ ਚਾਹੀਦੀ ਹੈ।

4. ਤਣੇ ਉੱਤੇ ਜੇਕਰ ਸੁੱਕੇ ਪੱਤੇ ਦਿਖਾਈ ਦਿੰਦੇ ਹਨ ਤਾਂ ਉਹਨਾਂ ਤੋੜ ਦੇਣਾ ਚਾਹੀਦਾ ਹੈ। ਨਹੀਂ ਤਾਂ ਉੱਲੀ ਰੋਗ ਲੱਗ ਜਾਦੇ ਹਨ। ਉੱਲੀ ਰੋਗਾਂ ਤੋਂ ਬਚਾਅ ਲਈ ਬਾਵਿਸਟਨ 1 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰ ਦੇਵੋ।

5. ਸੀਜ਼ਨ ਦੇ ਅਖੀਰ ਵਿਚ ਮੁਰਝਾਏ ਹੋਏ ਫੁੱਲ ਤੋੜ ਦੇਣੇ ਚਾਹੀਦੇ ਹਨ, ਫਿਰ ਹੋਰ ਨਵੀਆਂ ਬਣ ਰਹੀਆਂ ਬਡਜ਼ ਜਲਦੀ ਖਿਲ ਜਾਣਗੀਆਂ।

6. Blooming ਸਟੇਜ ਤੇ ਫੁੱਲਾਂ ਨੂੰ ਪਾਣੀ ਨਹੀਂ ਲੱਗਣਾ ਚਾਹੀਦਾ, ਨਹੀਂ ਤਾਂ ਫੁੱਲ ਜਲਦੀ ਖਰਾਬ ਹੋ ਜਾਣਗੇ।

7. ਕੀੜੇ ਮਕੌੜੇ ਤੋਂ ਬਚਾਅ ਲਈ 2 ਮਿਲੀਲਿਟਰ ਨੀਮ ਆਇਲ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰ ਸਕਦੇ ਹੋ।

8. ਸਰਕਾਰੀ ਜਾਂ ਪ੍ਰਾਈਵੇਟ ਸਮਾਗਮਾਂ ਵਿਚ ਮੁੱਖ ਮਹਿਮਾਨ ਨੂੰ ਬੁਕੇ ਦੇਣ ਦੇ ਬਜਾਏ ਗੁਲਦੌਦੀ ਪੋਟ ਦਿੱਤਾ ਜਾ ਸਕਦਾ, ਜੋ ਕਿ ਇੱਕ-ਡੇਢ ਮਹੀਨਾ ਫੁੱਲ ਦੇਵੇਗਾ।

**ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਰਾਂ ਨਾਲ ਸੰਪਰਕ ਕਰ ਸਕਦੇ ਹੋ।**

# ਇਨ੍ਹਾਂ ਖਾਦਾਂ ਦੀ ਬਗੀਚੇ ਵਿੱਚ ਨਾ ਕਰੋ ਵਰਤੋਂ

**ਯੂਰੀਆ** : ਯੂਰੀਆ ਦੀ ਬਹੁਤ ਘੱਟ ਮਾਤਰਾ ਬੂਟਿਆਂ ਨੂੰ ਸਹੀ ਵਾਧੇ ਲਈ ਜ਼ਰੂਰੀ ਹੁੰਦੀ ਹੈ। ਬਾਰਿਸ਼ ਦੇ ਮੌਸਮ ਵਿੱਚ ਯੂਰੀਆ, ਜੋ ਕਿ ਨਾਈਟ੍ਰੋਜਨ ਦਾ ਤੇਜ਼ ਸਰੋਤ ਹੁੰਦਾ ਹੈ, ਉਸ ਨੂੰ ਜੇਕਰ ਬੂਟਿਆਂ ਵਿੱਚ ਦਿੱਤਾ ਜਾਂਦਾ ਹੈ, ਤਾਂ ਮਿੱਟੀ ਵਿੱਚ ਜ਼ਿਆਦਾ ਨਮੀ ਕਾਰਨ ਬੂਟਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ, ਕਿਉਂਕਿ ਜ਼ਿਆਦਾ ਨਮੀ ਵਾਲੀ ਮਿੱਟੀ ਵਿੱਚ ਯੂਰੀਆ ਖਾਦ ਬੂਟਿਆਂ ਵਿੱਚ ਤੇਜ਼ੀ ਨਾਲ ਘੁੱਲ ਕੇ ਉਨ੍ਹਾਂ ਨੂੰ ਸਾੜ ਸਕਦੀ ਹੈ ਅਤੇ ਮਿੱਟੀ ਦੇ ਪੀ.ਐਚ. ਪੱਧਰ ਨੂੰ ਅਸੰਤੁਲਿਤ ਕਰਕੇ ਬੂਟਿਆਂ ਲਈ ਨੁਕਸਾਨਦਾਇਕ ਸਾਬਿਤ ਹੋ ਸਕਦੀ ਹੈ।

**ਰਸੋਈ ਦੀ ਰਹਿੰਦ-ਖੂੰਹਦ** : ਜ਼ਿਆਦਾ ਨਮੀ ਵਾਲੇ ਮੌਸਮ ਵਿੱਚ ਰਸੋਈ ਦੀ ਰਹਿੰਦ-ਖੂੰਹਦ ਤੋਂ ਖਾਦ ਦੇਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਕਿਉਂਕਿ ਫਲਾਂ ਅਤੇ ਸਬਜ਼ੀਆਂ ਦੇ ਛਿਲਕੇ ਬਰਸਾਤ ਵਿੱਚ ਬਹੁਤ ਛੇਤੀ ਨਾਲ ਗਲਦੇ ਹੀ ਹਨ, ਇਸ ਤੋਂ ਇਲਾਵਾ ਇਹ ਉੱਲੀ ਅਤੇ ਹਾਨੀਕਾਰਕ ਬੈਕਟੀਰੀਆ ਅਤੇ ਕੀਟਾਂ ਨੂੰ ਵੀ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਜੇਕਰ ਇਸ ਖਾਦ ਨੂੰ ਦੇ ਕੇ ਬੂਟਿਆਂ ਬਚਣਾ ਚਾਹੀਦਾ ਹੈ।

ਨੂੰ ਘਰ ਦੇ ਅੰਦਰ ਰੱਖਿਆ ਜਾਵੇ ਤਾਂ ਇਨ੍ਹਾਂ ਵਿੱਚ ਜਮ੍ਹਾ ਕੀੜੇ ਅਤੇ ਬਦਬੂ ਘਰ ਦੇ ਵਾਤਾਵਰਨ ਨੂੰ ਵੀ ਪ੍ਰਭਾਵਿਤ ਕਰਦੀ ਹੈ।



**ਤਾਜ਼ੀ ਚਾਹਪੱਤੀ ਜਾਂ ਕੌਫ਼ੀ ਦਾ ਪਾਣੀ** : ਬਾਰਿਸ਼ ਦੇ ਮੌਸਮ ਵਿੱਚ ਉੱਲੀ ਅਤੇ ਮੱਛਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਵਾਲੀ ਚਾਹਪੱਤੀ ਜਾਂ ਕੌਫ਼ੀ ਦਾ ਪਾਣੀ ਮੱਛਰਾਂ ਨੂੰ ਆਪਣੇ ਵੱਲ ਖਿੱਚਦਾ ਹੈ। ਇਹ ਮਿੱਟੀ ਵਿੱਚ ਸੜਨ ਪੈਦਾ ਕਰਕੇ ਬੂਟਿਆਂ ਦੇ ਵਾਧਾ ਦਰ ਨੂੰ ਰੋਕਦਾ ਹੈ। ਇਸ ਲਈ ਇਨ੍ਹਾਂ ਨੂੰ ਦੇਣ ਤੋਂ

**ਰਸਾਇਣ ਖਾਦ** : ਗਮਲਿਆਂ ਦੀ ਮਿੱਟੀ ਦੀ ਆਪਣੀ ਹੋਂਦ ਹੁੰਦੀ ਹੈ। ਇਸ ਮੌਸਮ ਵਿੱਚ ਮਿੱਟੀ ਤੋਂ ਪਹਿਲਾਂ ਤੋਂ ਹੀ ਨਮ ਹੁੰਦੀ ਹੈ। ਇਸ ਤਰ੍ਹਾਂ ਵਿੱਚ ਰਸਾਇਣਿਕ ਖਾਦ ਮਿੱਟੀ ਵਿੱਚ ਤੁਰੰਤ ਘੁਲ ਕੇ ਬੂਟਿਆਂ ਦੀਆਂ ਜੜ੍ਹਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਉਂਝ ਵੀ ਇਹ ਖਾਦ ਗਮਲਿਆਂ ਵਿੱਚ ਲੱਗੇ ਬੂਟਿਆਂ ਦੇ ਅਨੁਕੂਲ ਨਹੀਂ ਹੁੰਦੇ।

**ਕਿਹੜੀ ਖਾਦ ਸਹੀ : ਕੇਲੇ ਦੇ ਛਿਲਕੇ** : ਕੇਲੇ ਦੇ ਛਿਲਕਿਆਂ ਨੂੰ ਕੱਟ ਮਿੱਟੀ ਵਿੱਚ ਦਬਾ ਦੇਣ ਨਾਲ ਇਨ੍ਹਾਂ ਨੂੰ ਪੋਟਾਸ਼ੀਅਮ, ਫਾਸਫੋਰਸ, ਕੈਲਸ਼ੀਅਮ ਮਿਲਦਾ ਹੈ। ਇਨ੍ਹਾਂ ਨਾਲ ਬੂਟਿਆਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ ਅਤੇ ਉਨ੍ਹਾਂ ਵਿੱਚ ਰੰਗਤ ਆਉਂਦੀ ਹੈ। ਖਾਦ ਤੋਂ ਇਲਾਵਾ ਕੇਲੇ ਦੇ ਛਿਲਕਿਆਂ ਨੂੰ ਦੋ ਦਿਨ ਤੱਕ ਪਾਣੀ ਵਿੱਚ ਰੱਖ ਕੇ ਉਸ ਨੂੰ ਬੂਟਿਆਂ ਨੂੰ ਦਿੱਤਾ ਜਾ ਸਕਦਾ ਹੈ।

**ਗੋਹੇ ਦੀ ਖਾਦ** : ਗਾਂ ਦੇ ਗੋਹੇ ਨਾਲ ਬਣੀ ਸੜੀ ਅਤੇ ਪੁਰਾਣੀ ਖਾਦ ਮਹੀਨੇ ਵਿੱਚ ਘੱਟ ਤੋਂ ਘੱਟ ਇੱਕ ਵਾਰ ਦੇਣ ਨਾਲ ਜੜ੍ਹਾਂ ਦਾ ਵਾਧਾ ਚੰਗਾ ਹੁੰਦਾ ਹੈ ਅਤੇ ਇਹ ਖਾਦ ਮਿੱਟੀ ਵਿੱਚ ਉਪਜ ਤਾਕਤ ਵਧਾਉਂਦਾ ਹੈ।

**ਲੱਸੀ ਦੀ ਖਾਦ** : ਕੈਲਸ਼ੀਅਮ ਅਤੇ ਲੈਕਟੋਵੈਸੀਲਸ ਬੈਕਟੀਰੀਆ ਵਾਲੀ ਲੱਸੀ ਖਾਦ ਨੂੰ ਪਾਣੀ ਦੇ ਨਾਲ ਮਿਲਾ ਕੇ ਬੂਟਿਆਂ 'ਤੇ ਛਿੜਕਾਅ ਕਰੋ ਜਾਂ ਜੜ੍ਹਾਂ ਵਿੱਚ ਪਾਓ। ਇਸ ਨਾਲ ਬੂਟਿਆਂ ਵਿੱਚ ਉੱਲੀ ਨਹੀਂ ਲੱਗਦੀ ਅਤੇ ਇਹ ਬੂਟਿਆਂ ਦੀ ਪ੍ਰਤੀਰੋਧੀ ਤਾਕਤ ਨੂੰ ਵਧਾਉਂਦਾ ਹੈ।

**- ਅਨੂ ਆਰ.**


ਮੋਟਿਵ
ਇੰਡੋਫਿਲ ਤੋਂ ਆਇਆ ਨਵਾਂ ਦੋਸਤ...
ਸੁਰੱਖਿਆ ਵਿੱਚ ਵਾਧਾ
ਵਿਆਪਕ ਨਿਯੰਤਰਣ
ਪੋਸ਼ਕਤਾ ਵਿੱਚ ਸਮਰਥਨ
ਸਹਿਕ੍ਰਿਆਤਮਕ ਅਸਰ
ਪ੍ਰਤਿ ਰੋਧਕਤਾ ਪ੍ਰਬੰਧਨ
ਬਿਹਤਰ ਫਾੱਰਮੂਲੇਸ਼ਨ
Motive®
Systemic & Contact Fungicide
PATENTED
1kg
Keep out of the reach of children.
बच्चों की पहुँच से दूर रखें।
खतरा
DANGER
INDOFIL
INDUSTRIES LIMITED
ਮਾਤਰਾ : ੫੦੦ ਗ੍ਰਾਮ/ਏਕੜ
indofil™
ਨੋਟ: ਇੰਡੋਫਿਲ ਲੋਗੋ ਟ੍ਰਾਂਜਿਸ਼ਨ ਪੜਾਅ ਵਿੱਚ ਹੈ। (ਪੈਕ ਡਿਜ਼ਾਈਨ ਵਿੱਚ ਬਦਲਾਅ ਹੋ ਸਕਦਾ ਹੈ)